ਕੌਮੀ ਉਸਾਰੀ ਦੇ ਮਸਲੇ
ਅਤੇ
ਕਮਿਊਨਿਸਟ ਪਾਰਟੀ ਦੀਆਂ ਤਜਵੀਜ਼ਾਂ

ਸਤੰਬਰ—੧੯੫੫

ਮੁਲ ਚਾਰ ਆਨੇ

Printed by Comrade Gurbux Singh Janjua at the Awami Printing Press G. T. Road Jullundur and Published by him for the Punjab-Pepsu Committee Communist Party of India, G. T. Road, Jullundur.

ਪਹਿਲੀ ਪੰਜ ਸਾਲਾ ਪਲੈਨ ਦੇ ਨਤੀਜੇ

ਹਿੰਦ ਨੂੰ ਬਰਤਾਨੀਆਂ ਤੋਂ ਵਿਰਸੇ ਵਿਚ ਇਕ ਪਛੜਿਆ ਹੋਇਆ ਅਤੇ ਨੀਮ ਗ਼ੁਲਾਮ ਆਰਥਕ ਢਾਂਚਾ ਮਿਲਿਆ। ਹਿੰਦ ਵਿਚ ਗਣ ਰਾਜ ਦੀ ਸਥਾਪਨਾ ਦੇ ਅੱਠ ਸਾਲ ਪਿਛੋਂ ਵੀ ਨਾ ਕੇਵਲ ਬਰਤਾਨਵੀ ਸਰਮਾਏ ਦੀ ਪੋਜ਼ੀਸ਼ਨ ਪਹਿਲੇ ਵਾਂਗ ਹੀ ਤਕੜੀ ਹੈ ਅਤੇ ਉਹ ਹਰ ਸਾਲ ਹਿੰਦ ਤੋਂ ਇਕ ਅਰਬ ਰੁਪਏ ਲੈ ਜਾਂਦਾ ਹੈ, ਸਗੋਂ ਉਹ ਹਿੰਦ ਦੀ ਆਰਥਕ ਉੱਨਤੀ ਤੇ ਵਿਕਾਸ ਦੇ ਰਾਹ ਵਿਚ ਵੀ ਰੋੜੇ ਅਟਕਾ ਰਿਹਾ ਹੈ ਅਤੇ ਉਸ ਦਾ ਗਲਾ ਘੁਟ ਰਿਹਾ ਹੈ। ਇਸੇ ਲਈ ਆਜ਼ਾਦੀ ਦੇ ਅੱਠ ਸਾਲ ਪਿਛੋਂ ਅਤੇ ਪਹਿਲੀ ਪੰਜ ਸਾਲਾ ਪਲੈਨ ਦੇ ਅੰਤ ਤੇ ਸਾਡੇ ਦੇਸ਼ ਵਿਚ ਸਨਅਤਾਂ ਅਤੇ ਕਾਨਾਂ ਦੀ ਪੈਦਾਵਾਰ ਕੁਲ ਕੌਮੀ ਆਮਦਨ ਦਾ ਕੇਵਲ ੮ ਫ਼ੀ ਸਦੀ ਹੈ ਅਤੇ ਉਹ ਵੀ ਤਾਂ ਜੇ ਕੀਮਤਾਂ ੧੯੫੨-੫੩ ਵਾਲੀਆਂ ਲਾਈਆਂ ਜਾਣ।

ਖੇਤੀ ਬਾੜੀ ਤੋਂ ਸਾਡੀ ਕੁਲ ਕੌਮੀ ਆਮਦਨ ਦਾ ੫੨ ਫ਼ੀ ਸਦੀ ਆਉਂਦਾ ਹੈ ਅਤੇ ੭੦ ਫ਼ੀ ਸਦੀ ਆਬਾਦੀ ਖੇਤੀ ਬਾੜੀ ਦਾ ਕੰਮ ਕਰਦੀ ਹੈ। ਪਰ ਅਜੇ ਵੀ ਸਾਡੇ ਜ਼ਰਈ ਢਾਂਚੇ ਤੇ ਜਾਗੀਰਦਾਰੀ ਨਿਜ਼ਾਮ ਦੀ ਕਰੜੀ ਜਕੜ ਕਾਇਮ ਹੈ। ਸਰਕਾਰੀ ਅੰਦਾਜ਼ੇ ਅਨੁਸਾਰ ੫ ਕਰੋੜ ੮੦ ਲੱਖ ਪੇਂਡੂ ਟੱਬਰਾਂ ਚੋਂ ੧ ਕਰੋੜ ੭੦ ਲੱਖ ਬੇ-ਜ਼ਮੀਨੇ ਹਨ। ਖੇਤ ਮਜ਼ਦੂਰ ਸਾਲ ਵਿਚ ਛੇ ਮਹੀਨੇ ਵਿਹਲੇ ਰਹਿੰਦੇ ਹਨ। ਇਹ ਖੇਤ ਮਜ਼ਦੂਰ ਅਤੇ ਹੋਰ ਨਿੱਕੇ ਨਿੱਕੇ ਖਾਤਿਆਂ ਦੇ ਮਾਲਕ ਕਿਸਾਨ ਸਾਡੀ ਜ਼ਰਅਈ ਆਬਾਦੀ ਦਾ ਬਹੁਤ ਵੱਡਾ ਹਿੱਸਾ ਹਨ। ਸਾਡੇ ਜ਼ਰਅਈ ਅਰਥਚਾਰੇ ਦੀ ਹਾਲਤ ਕਿੰਨੀ ਤਰਸ ਯੋਗ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪੇਂਡੂ ਆਬਾਦੀ ਸਿਰ ੯ ਅਰਬ ਰੁਪਏ

ਕਰਜ਼ਾ ਇਕੱਠਾ ਹੋ ਗਿਆ ਹੈ ਅਤੇ ਪੇਂਡੂ ਆਬਾਦੀ ਹਰ ਸਾਲ ਸੂਦਖੋਰ ਸ਼ਾਹੂਕਾਰਾਂ ਤੋਂ ਸਾਢੇ ਸਤ ਅਰਬ ਰੁਪਏ ਕਰਜ਼ਾ ਲੈਂਦੀ ਹੈ। ਸਾਫ਼ ਜ਼ਾਹਿਰ ਹੈ ਕਿ ਇਨ੍ਹਾਂ ਹਾਲਾਤ ਵਿਚ ਦੇਸ਼ ਦੀ ਕੋਈ ਉੱਨਤੀ ਨਹੀਂ ਹੋ ਸਕਦੀ।

ਬਰਤਾਨਵੀ ਸਰਮਾਏ ਦਾ ਰੋਲ

ਇਹ ਸਮਝਣਾ ਕੋਈ ਮੁਸ਼ਕਲ ਨਹੀਂ ਕਿ ਸਨਅਤਾਂ ਉਤੇ ਬਰਤਾਨਵੀ ਸਰਮਾਏ ਦੀ ਜਕੜ ਅਤੇ ਜਾਗੀਰਦਾਰੀ ਰਿਸ਼ਤੇ ਸਾਡੇ ਦੇਸ਼ ਦੀ ਉੱਨਤੀ ਅਤੇ ਖ਼ੁਸ਼ਹਾਲੀ ਵਿਚ ਸਭ ਤੋਂ ਵੱਡਾ ਰੋੜਾ ਹਨ। ਜਨਤਕ ਪੈਮਾਨੇ ਤੇ ਕੀਤੀ ਗਈ ਕਿਸੇ ਪਲੈਨਿੰਗ ਦੀ ਪਰਖ ਇਹ ਹੈ ਕਿ ਉਹ ਇਨ੍ਹਾਂ ਮੁਸ਼ਕਲਾਂ ਨੂੰ ਕਿਵੇਂ ਦੂਰ ਕਰਦੀ ਹੈ। ਪਹਿਲੀ ਪੰਜ ਸਾਲਾ ਪਲੈਨ ਮੁਕਣ ਵਾਲੀ ਹੈ ਪਰ ਉਸ ਵਿਚ ਇਸ ਫੈਸਲਾਕੁਨ ਗੱਲ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਪਹਿਲੀ ਪੰਜ ਸਾਲਾ ਪਲੈਨ ਵਿਚ ਇਹ ਜਕੜ ਤੋੜਨ ਦੀ ਥਾਂ ਹਿੰਦ ਵਿਚ ਹੋਰ ਬਦੇਸ਼ੀ ਸਰਮਾਇਆ ਆਉਣ ਲਈ ਰਾਹ ਠੀਕ ਕੀਤਾ ਗਿਆ। ਹੁਣ ਬਰਤਾਨੀਆਂ ਦੇ ਨਾਲ ਨਾਲ ਅਮਰੀਕਾ ਦਾ ਸਰਮਾਇਆ ਵੀ ਆਉਣ ਲੱਗ ਪਿਆ। ਅਮਰੀਕਾ ਨੇ ਹਿੰਦ ਵਿਚ ਅਮਰੀਕੀ ਸਰਮਾਏ ਦੇ ਲੱਗਣ ਦਾ ਰਾਹ ਸੌਖਾ ਕਰਨ ਲਈ ਜਿਹੜੇ ਕਰਜ਼ੇ ਤੇ ਮਦਦਾਂ ਦਿੱਤੀਆਂ, ਉਨ੍ਹਾਂ ਤੋਂ ਛੁਟ ਹਿੰਦ ਸਰਕਾਰ ਨੇ ੧੯੪੯ ਤੋਂ ਅਕਤੂਬਰ ੧੯੫੪ ਤੱਕ ਨਵੀਆਂ ਕੰਪਨੀਆਂ ਵਿਚ ੭੦ ਕਰੋੜ ੨੪ ਲੱਖ ਅਤੇ ਚਾਲੂ ਕੰਪਨੀਆਂ ਵਿਚ ੮ ਕਰੋੜ ੪ ਲੱਖ ਰੁਪਏ ਬਦੇਸ਼ੀ ਸਰਮਾਇਆ ਲਾਉਣ ਦੀ ਪ੍ਰਵਾਨਗੀ ਦਿੱਤੀ। ੧੯੫੩ ਤੋਂ ਪਿਛੋਂ ਸੱਨਅਤਾਂ ਵਿਚ ਜਿਹੜਾ ਇਕ ਅਰਬ ੫ ਕਰੋੜ ਰੁਪਿਆ ਲਾਉਣ ਦੀ ਮਨਜ਼ੂਰੀ ਦਿੱਤੀ ਗਈ, ਉਸ ਵਿਚੋਂ ੨੮ ਕਰੋੜ ਬਦੇਸ਼ੀ ਸਰਮਾਇਆ ਸੀ। ਜਿਸ ਵਿਚ ੨੩ ਕਰੋੜ ਤੇਲ ਸਾਫ਼ ਕਰਨ ਦੇ ਕਾਰਖ਼ਾਨਿਆਂ ਵਿਚ ਲਾਇਆ ਗਿਆ। ਇਹਨਾਂ

ਕੰਪਨੀਆਂ ਨੂੰ ਇਹ ਆਗਿਆ ਦਿੱਤੀ ਗਈ ਕਿ ਉਨ੍ਹਾਂ ਤੇ ਬਾਹਰੋਂ ਕੰਟਰੋਲ ਕੀਤਾ ਜਾਵੇ ਅਤੇ ਉਹਨਾਂ ਦੇ ਪ੍ਰਬੰਧ ਵਿਚ ਹਿੰਦੁਸਤਾਨੀਆਂ ਦਾ ਹੱਥ ਨਾ ਹੋਵੇ। ਹਿੰਦ ਸਰਕਾਰ ਨੇ ਜੋ ਸ਼ਰਤਾਂ ਮੰਨੀਆਂ, ਉਹ ਇੰਨੀਆਂ ਮਾੜੀਆਂ ਹਨ ਕਿ ਕੇਂਦਰੀ ਸਰਕਾਰ ਦੇ ਵਜ਼ੀਰ ਪੈਦਾਵਾਰ ਵੀ ਉਨ੍ਹਾਂ ਦੀ ਹਮਾਇਤ ਨਹੀਂ ਕਰ ਸਕਦੇ।

ਬਦੇਸ਼ੀ ਸਰਮਾਇਆ ਹਿੰਦ ਨੂੰ ਬਿਨਾਂ ਰੋਕ ਟੋਕ ਲੁਟਦਾ ਰਿਹਾ ਹੈ। ੨੦ ਦਸੰਬਰ ੧੯੫੩ ਨੂੰ ਲੋਕ ਸਭਾ ਵਿਚ ਬਿਆਨ ਦੇਂਦੇ ਹੋਏ ਵਜ਼ੀਰ ਖ਼ਜ਼ਾਨਾ ਨੇ ਆਪ ਮੰਨਿਆ ਕਿ ਪਿਛਲੇ ਪੰਜ ਸਾਲਾਂ ਵਿਚ ਬਦੇਸ਼ੀ ਸਰਮਾਏਦਾਰ ਹਰ ਸਾਲ ਹਿੰਦ ਤੋਂ ਲਗ ਪਗ ੩੦ ਕਰੋੜ ਰੁਪਿਆ ਮੁਨਾਫ਼ੇ ਵਜੋਂ ਲੈ ਜਾਂਦੇ ਰਹੇ ਹਨ। ਇਸ ਵਿਚ ਵਜ਼ੀਰ ਖ਼ਜ਼ਾਨਾ ਨੇ ਉਹ ਰਕਮਾਂ ਨਹੀਂ ਜੋੜੀਆਂ ਜਿਹੜੀਆਂ ਬਦੇਸ਼ੀ ਵਪਾਰ, ਜਹਾਜ਼ਾਂ ਦੇ ਭਾੜੇ ਅਤੇ ਪੁਰਾਣੇ ਬਦੇਸ਼ੀ ਨੌਕਰਸ਼ਾਹਾਂ ਦੀਆਂ ਪਿਨਸ਼ਨਾਂ ਵਜੋਂ ਦਿੱਤੀਆਂ ਜਾਂਦੀਆਂ ਹਨ। ਹਿੰਦ ਹਰ ਸਾਲ ਜਹਾਜ਼ਾਂ ਦੇ ਭਾੜੇ ਤੇ ੯੦ ਕਰੋੜ ਰੁਪਏ ਖ਼ਰਚਦਾ ਹੈ। ਉਸ ਵਿਚੋਂ ੪ ਕਰੋੜ ਬਦੇਸ਼ੀ ਫ਼ਰਮਾਂ ਲੈ ਜਾਂਦੀਆਂ ਹਨ ਅਤੇ ਹੁਣ ਇਹ ਫ਼ਰਮਾਂ ਭਾੜੇ ਵਧਾਣ ਦੀਆਂ ਧਮਕੀਆਂ ਦੇ ਰਹੀਆਂ ਹਨ।

ਭਾਵੇਂ ਸਰਮਾਇਆ ਘੱਟ ਇਕੱਠਾ ਹੋਣ ਦਾ ਬੜਾ ਰੋਣਾ ਰੋਇਆ ਗਿਆ ਹੈ,ਪਰ ਪਹਿਲੀ ਪੰਜ ਸਾਲਾ ਪਲੈਨ ਵਿਚ ਇਸ ਬਦੇਸ਼ੀ ਲੁਟ ਨੂੰ ਰੋਕਣ ਜਾਂ ਬਦੇਸ਼ਾਂ ਨਾਲ ਹੋਣ ਵਾਲੇ ਵਪਾਰ ਦੀ ਸ਼ਕਲ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਅਪਰੈਲ ੧੯੫੪ ਤੋਂ ਜਨਵਰੀ ੧੯੫੫ ਤਕ ਹਿੰਦ ਨੇ ਬਦੇਸ਼ਾਂ ਤੋਂ ੫ ਅਰਬ ੯ ਕਰੋੜ ਦਾ ਜੋ ਮਾਲ ਮੰਗਵਾਇਆ, ਉਸ ਵਿਚ ੧ ਅਰਬ ੧੮ ਕਰੋੜ ਦਾ ਬਰਤਾਨੀਆਂ ਅਤੇ ੬੫ ਕਰੋੜ ਦਾ ਅਮਰੀਕਾ ਤੋਂ ਆਇਆ। ਹਿੰਦ ਨੇ ੪ ਅਰਬ ੮੧ ਕਰੋੜ ਦਾ ਜੋ ਮਾਲ ਬਾਹਰ ਭੇਜਿਆ ਉਸ ਵਿਚੋਂ ੧ ਅਰਬ ੬੦ ਕਰੋੜ ਦਾ ਬਰਤਾਨੀਆਂ ਅਤੇ ੭੨ ਕਰੋੜ ਦਾ ਅਮਰੀਕਾ ਨੂੰ ਘੱਲਿਆ। ਇਸ ਸਾਰੇ ਸਮੇ

ਵਿਚ ਅਸਾਂ ਸੋਵੀਅਟ ਯੂਨੀਅਨ ਨੂੰ ਜੋ ਮਾਲ ਭੇਜਿਆ ਤੇ ਉਸ ਤੋਂ ਮੰਗਵਾਇਆ ਉਸ ਦੀ ਕੀਮਤ ਤਿੰਨ ਕਰੋੜ ਰੁਪਏ ਤੋਂ ਘੱਟ ਸੀ। ਹਿੰਦ ਨੇ ਕੁਲ ੯੦ ਕਰੋੜ ਦੀਆਂ ਸਭ ਤਰ੍ਹਾਂ ਦੀਆਂ ਮਸ਼ੀਨਾਂ ਮੰਗਵਾਈਆਂ, ਜਿਨ੍ਹਾਂ ਵਿਚੋਂ ਕੇਵਲ ੪੦ ਕਰੋੜ ਦੀਆਂ ਸਨਅਤੀ ਮਸ਼ੀਨਾਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡਾ ਬਦੇਸ਼ੀ ਵਪਾਰ ਸਾਡੀਆਂ ਸਨਅਤਾਂ ਦੇ ਵਾਧੇ ਵਿਚ ਸਹਾਈ ਨਹੀਂ ਹੋ ਰਿਹਾ। ਇਸ ਤੋਂ ਉਨ੍ਹਾਂ ਹਿੰਦੁਸਤਾਨੀ ਅਜਾਰੇਦਾਰਾਂ ਦੀ ਗੱਲ ਵੀ ਝੂਠੀ ਸਾਬਤ ਹੁੰਦੀ ਹੈ ਜੋ ਕਹਿੰਦੇ ਹਨ ਕਿ ਸਨਅਤਾਂ ਦੇ ਵਾਧੇ ਲਈ ਸਾਮਰਾਜੀਆਂ ਨਾਲ ਮਿਲਵਰਤਣ ਜ਼ਰੂਰੀ ਹੈ। ਬਦੇਸ਼ੀ ਵਪਾਰ ਸਾਮਰਾਜੀਆਂ ਦੇ ਹਵਾਲੇ ਕਰਨ ਦਾ ਨਤੀਜਾ ਇਹ ਹੋਇਆ ਹੈ ਕਿ ਹਿੰਦ ਦੀਆਂ ਸਨਅਤਾਂ ਨੂੰ ਸਖ਼ਤ ਚੋਟ ਲੱਗੀ ਹੈ ਅਤੇ ਸਾਮਰਾਜੀਆਂ ਨੇ ਹਿੰਦ ਦੀ ਘਰੇਲੂ ਮੰਡੀ ਵਿਚ ਵੀ ਮੁਕਾਬਲਾ ਸ਼ੁਰੂ ਕਰ ਦਿੱਤਾ ਹੈ। ੨੯ ਮਾਰਚ ੧੯੫੫ ਨੂੰ ਕਾਂਗਰਸ ਦੇ ਪ੍ਰਧਾਨ ਦਾ ਧਿਆਨ ਇਸ ਗੱਲ ਵਲ ਦਿਵਾਉਂਦੇ ਹੋਏ ਹਿੰਦ ਦੇ ਵਪਾਰੀਆਂ ਦੀ ਸੰਸਥਾ ਦੇ ਪ੍ਰਧਾਨ ਸ੍ਰੀ ਬਾਬੂ ਭਾਈ ਚਿਨਾਏ ਨੇ ਕਿਹਾ। ਕੁਝ ਵਾਰ ਅਜਿਹਾ ਹੋਇਆ ਕਿ ਜਿਨ੍ਹਾਂ ਕਾਰ ਵਿਹਾਰਾਂ ਵਿਚ ਖ਼ਾਸ ਸਿਖਲਾਈ ਤੇ ਮੁਹਾਰਤ ਦੀ ਲੋੜ ਨਹੀਂ, ਉਨ੍ਹਾਂ ਵਿਚ ਵੀ ਬਦੇਸ਼ੀ ਸਰਮਾਇਆ ਲਾਉਣ ਦੀ ਆਗਿਆ ਦੇ ਦਿਤੀ ਗਈ ਹੈ। ਜਿਨ੍ਹਾਂ ਕਾਰ ਵਿਹਾਰਾਂ ਵਿਚ ਹਿੰਦੁਸਤਾਨੀ ਕਾਰਖ਼ਾਨਿਆਂ ਨੇ ਕਾਫ਼ੀ ਉੱਨਤੀ ਕਰ ਲਈ ਹੈ, ਅਤੇ ਉਨ੍ਹਾਂ ਵਿਚ ਵੀ ਬਦੇਸ਼ੀ ਸਰਮਾਇਆ ਲਾਉਣ ਦੀ ਆਗਿਆ ਦੇ ਦਿੱਤੀ ਗਈ ਹੈ।

ਕੁਝ ਸਮੇਂ ਤੋਂ ਦਰਆਮਦ ਪਾਲਿਸੀ ਹੋਰ ਨਰਮ ਕਰ ਦਿੱਤੀ ਗਈ ਹੈ। ਜਿਸ ਨਾਲ ਸਾਡੇ ਕੌਮੀ ਅਰਥਚਾਰੇ ਨੂੰ ਭਾਰੀ ਨੁਕਸਾਨ ਹੋਇਆ ਹੈ।

ਨੀਮ ਜਾਗੀਰਦਾਰੀ ਰਿਸ਼ਤਿਆਂ ਦੀਆਂ ਜ਼ੰਜੀਰਾਂ

ਕਿਹਾ ਜਾਂਦਾ ਹੈ ਕਿ ਪਹਿਲੀ ਪੰਜ ਸਾਲਾ ਪਲੈਨ ਵਿਚ ਖੇਤੀ ਬਾੜੀ ਤੇ ਜ਼ੋਰ ਦਿੱਤਾ ਗਿਆ ਹੈ। ਪਰ ਸਾਡੀ ਖੇਤੀ ਬਾੜੀ ਦੀ ਆਰਥਕਤਾ ਵਿਚ ਕੋਈ ਫ਼ਰਕ ਨਹੀਂ ਪਿਆ। ਪਲੈਨਾਂ ਦੇ ਘੜਨਹਾਰੇ ਕਿਸਾਨਾਂ ਦੇ ਉਭਾਰ ਅਤੇ ਸਨਅਤਾਂ ਦੇ ਮਾਲ ਲਈ ਮੰਡੀ ਦੀ ਲੋੜ ਨੂੰ ਅੱਖੋਂ ਉਹਲੇ ਨਹੀਂ ਸਨ ਕਰ ਸਕਦੇ। ਇਸ ਲਈ ਉਹਨਾਂ ਨੇ ਕੁਝ ਅੱਧ ਪਚੱਧੇ ਜ਼ਮੀਨੀਂ ਸੁਧਾਰ ਲਾਗੂ ਕੀਤੇ। ਇਹ ਹਨ ਜ਼ਮੀਨ ਦੀ ਮਾਲਕੀ ਦੀ ਵੱਧ ਤੋਂ ਵੱਧ ਹੱਦ ਮੁਕਰਰ ਕਰਨੀ, ਲਗਾਨ ਘਟਾਉਣਾ ਅਤੇ ਮੁਜ਼ਾਰੇ ਦੀ ਮੁਜ਼ਾਰਗੀ ਦੇ ਹੱਕ ਨੀਯਤ ਕਰਨਾ। ਕਈ ਸੂਬਿਆਂ ਦੀਆਂ ਹਕੂਮਤਾਂ ਨੇ, ਜਿਨ੍ਹਾਂ ਤੇ ਜਾਗੀਰਦਾਰ ਛਾਏ ਹੋਏ ਹਨ ਇਹ ਅੱਧ-ਪਚੱਧੇ ਸੁਧਾਰ ਵੀ ਲਾਗੂ ਨਹੀਂ ਕੀਤੇ।

ਜ਼ਿਮੀਂਦਾਰੀ ਦੇ ਖ਼ਾਤਮੇ ਦੇ ਕਾਨੂੰਨਾਂ ਨਾਲ ਜਾਗੀਰਦਾਰਾਂ ਦੇ ਅਖ਼ਤਿਆਰ ਕੁਝ ਘਟੇ ਹਨ। ਪਰ ਉਨ੍ਹਾਂ ਨਾਲ ਬੁਨਿਆਦੀ ਮਸਲਾ, ਕਿਸਾਨਾਂ ਵਿਚ ਜ਼ਮੀਨ ਵੰਡਣ ਦਾ ਮਸਲਾ ਹਲ ਨਹੀਂ ਹੋਇਆ।

ਬਹੁਤੇ ਸੂਬਿਆਂ ਵਿਚ ਮਾਲਕੀ ਦੀ ਹੱਦ ਨੀਯਤ ਨਹੀਂ ਕੀਤੀ ਗਈ। ਤੇ ਜੇ ਕੀਤੀ ਗਈ ਹੈ ਤਾਂ ਲਾਗੂ ਨਹੀਂ ਕੀਤੀ ਗਈ। ਜਾਗੀਰਦਾਰੀ ਖ਼ਾਤਮੇ ਦੇ ਸਮੇਂ ਜਾਗੀਰਦਾਰਾਂ ਕੋਲ ਜ਼ਮੀਨ ਦੇ ਬਹੁਤ ਵਡੇ ਟੋਟੇ ਰਹਿਣ ਦਿਤੇ ਗਏ ਹਨ। ਪੰਜਾਬ, ਪੱਛਮੀ ਬੰਗਾਲ, ਬਿਹਾਰ ਅਤੇ ਮਦਰਾਸ ਵਿਚ ਸਰਕਾਰ ਦੀ ਮਦਦ ਨਾਲ ਅਣਗਿਣਤ ਬੇ-ਦਖ਼ਲੀਆਂ ਹੋਈਆਂ ਹਨ। ਬੇ-ਦਖ਼ਲੀਆਂ ਦਿਨੋਂ ਦਿਨ ਵੱਧ ਗਈਆਂ ਕਿ ਪੰ: ਨਹਿਰੂ ਨੂੰ ਉਨ੍ਹਾਂ ਦੀ ਵਿਰੋਧਤਾ ਕਰਨੀ ਪਈ। ਪਰ ਅਜੇ ਵੀ ਬਹੁਤੇ ਸੂਬਿਆਂ ਵਿਚ ਬੇ-ਦਖ਼ਲੀਆਂ ਰੋਕਣ ਦੇ ਕਾਨੂੰਨ ਪਾਸ ਨਹੀਂ ਕੀਤੇ ਗਏ ਤੇ ਜੋ ਕੀਤੇ ਗਏ ਹਨ

ਤਾਂ ਬੇ-ਦਖ਼ਲ ਹੋਏ ਮੁਜ਼ਾਰੇ ਬਹਾਲ ਨਹੀਂ ਹੋਏ। ਨਾ ਹੀ ਕਾਨੂੰਨ ਠੀਕ ਤਰ੍ਹਾਂ ਲਾਗੂ ਕੀਤੇ ਗਏ ਹਨ, ਭਾਵੇਂ ਕਿਸਾਨਾਂ ਤੇ ਨਵੇਂ ਤੋਂ ਨਵੇਂ ਟੈਕਸ ਲਾਉਣ ਵਿਚ ਦੇਰ ਨਹੀਂ ਕੀਤੀ ਜਾਂਦੀ, ਪਰ ਲਗਾਨ ਘੱਟ ਕਰਨ ਅਤੇ ਮੁਜ਼ਾਰਿਆਂ ਨੂੰ ਹੱਕ ਦੇਣ ਦੇ ਕਾਨੂੰਨ ਬਹੁਤੇ ਸੂਬਿਆਂ ਵਿਚ ਪਾਸ ਨਹੀਂ ਹੋਏ।

ਪਲੈਨ ਹੇਠ ਹੋਏ ਲਾਭ ਕਿਹੋ ਜਿਹੇ ਹਨ

ਹਿੰਦ ਦੇ ਪਛੜੇ-ਪਨ ਤੇ ਮੁਸ਼ਕਲਾਂ ਦਾ ਕਾਰਨ ਦੂਰ ਨਾ ਹੋਣ ਕਰ ਕੇ ਪਹਿਲੀ ਪੰਜ ਸਾਲਾ ਪਲਾਨ ਦੇ ਨਤੀਜੇ ਜੁਜ਼ਵੀ ਤੇ ਕੁਝ ਹੱਦਾਂ ਅੰਦਰ ਹੀ ਹੋ ਸਕਦੇ ਸਨ। ਸਰਕਾਰ ਅਨਾਜ ਤੇ ਸਨਅਤੀ ਚੀਜ਼ਾਂ ਦੀ ਉਪਜ ਵਿਚ ਵਾਧੇ, ਆਬਪਾਸ਼ੀ ਤੇ ਬਿਜਲੀ ਦੀਆਂ ਸਕੀਮਾਂ, ਕਮਿਊਨਿਟੀ ਪ੍ਰਾਜੈਕਟਾਂ ਆਦਿ ਦਾ ਬਹੁਤ ਢੰਡੋਰਾ ਪਿੱਟਦੀ ਹੈ। ਜੋ ਸਫ਼ਲਤਾ ਹੋਈ ਹੈ ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਸ ਸਬੰਧੀ ਅੰਦਾਜ਼ੇ ਠੀਕ ਵੀ ਨਹੀਂ, ਕਿਉਂਕਿ ਅਸਲ ਤੋਂ ਵੱਧ ਪੇਸ਼ ਕਰਨ ਦੀ ਰੁਚੀ ਬੜੀ ਪ੍ਰਬਲ ਹੈ।

ਅਨਾਜ ਦੀ ਉਪਜ ਵਿਚ ਵਾਧਾ ਹੋਇਆ ਹੈ। ਬਦੇਸ਼ਾਂ ਤੋਂ ੪੭ ਲੱਖ ਟਨ ਦੀ ਥਾਂ ਦਸ ਲੱਖ ਟਨ ਅਨਾਜ ਮੰਗਵਾਇਆ ਜਾ ਰਿਹਾ ਹੈ। ਇਸ ਨਾਲ ਬਦੇਸ਼ੀ ਵਪਾਰ ਵਿਚ ਕਾਫ਼ੀ ਬਚਤ ਹੋਈ ਹੈ। ਅਨਾਜ ਉਤੇ ਕੰਟਰੋਲ ਤੇ ਉਸ ਦਾ ਰਾਸ਼ਨ ਖ਼ਤਮ ਹੋ ਗਏ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਅੰਨ ਦਾ ਮਸਲਾ ਹਲ ਹੋ ਗਿਆ ਹੈ, ਜਾਂ ਇਹ ਹੈ ਕਿ ਜਨਤਾ ਨੂੰ ਖਾਣ ਲਈ ਕਾਫ਼ੀ ਅੰਨ ਮਿਲ ਰਿਹਾ ਹੈ।

ਅਨਾਜ ਦੀ ਉਪਜ ਵਿਚ ਇਕ ਕਰੋੜ ੨੦ ਲੱਖ ਟਨ ਦਾ ਵਾਧਾ ਹੋਇਆ ਹੈ। ਇਸ ਵਿਚ ਕੁਝ ਵਾਧਾ ਤਾਂ ਪਹਿਲੇ ਨਾਲੋਂ ਚੰਗੇਰੇ ਅੰਕੜੇ ਇਕੱਠੇ ਕਰਨ ਕਰ ਕੇ ਹੋਇਆ ਹੈ। ਕੁਝ ਅੱਗੜ-

ਪਿੱਛਲੇ ਦੋ ਸਾਲ ਚੰਗੇਰੀ ਫ਼ਸਲ ਹੋਣ ਕਰਕੇ। ਸਰਕਾਰੀ ਅੰਦਾਜ਼ਾ ਵੀ ਇਹ ਹੈ ਕਿ "ਪੱਕਾ ਵਾਧਾ" ਪੰਜਾਹ ਜਾਂ ਸੱਠ ਲੱਖ ਟਨ ਹੀ ਹੋਇਆ ਹੈ। ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਜੇ ਵੀਕਈ ਸੂਬਿਆਂ'ਚ ਅੰਨਦੀ ਥੁੜ ਵਾਲੇਇਲਾਕੇਕਿਉਂ ਹਨ,ਪੱਛਮੀ ਬੰਗਾਲ ਵਿਚ ੧੯੫੩–੫੪ ਤੋਂ ੧੯੫੪–੫੫ ਦੇ ਵਿਚਲੇ ਸਮੇਂ ਵਿਚ ਸਾਫ਼ ਚੌਲਾਂ ਦੀ ਉਪਜ ਵਿਚ ੧੫ ਲੱਖ ਟਨ ਦੀ ਕਮੀ ਹੋਈ ਹੈ। ਸਰਕਾਰ ਵੀ ਮੰਨਦੀ ਹੈ ਕਿ ਉਪਜ ਵਿਚ ਵਾਧਾ ਪੱਕਾ ਨਹੀਂ, ਇਸ ਲਈ ਬਦੇਸ਼ਾਂ ਤੋਂ ਅਨਾਜ ਮੰਗਵਾ ਕੇ ਸਟਾਕ ਇਕੱਠਾ ਕੀਤਾ ਜਾ ਰਿਹਾ ਹੈ। ਉਪਜ ਵਿਚ ਵਾਧੇ ਦਾ ਨਤੀਜਾ ਇਹ ਨਹੀਂ ਹੋਇਆ ਕਿ ਲੋਕ ਪਹਿਲਾਂ ਤੋਂ ਬਹੁਤਾ ਅੰਨ ਖਾਣ ਲੱਗ ਪੈਣ, ਕਿਸਾਨ ਫ਼ਸਲ ਅੱਗੇ ਨਾਲੋਂ ਸਸਤੇ ਭਾ ਵੇਚਦਾ ਹੈ, ਪਰ ਵਡਿਆਂ ਸ਼ਹਿਰਾਂ ਵਿਚ ਲੋਕਾਂ ਨੂੰ ਅਨਾਜ ਪਹਿਲਾਂ ਵਾਂਗ ਮਹਿੰਗਾ ਹੀ ਮਿਲਦਾ ਹੈ। ਭਾ ਪਹਿਲਾਂ ਵਾਂਗ ਹੀ ਚੜ੍ਹੇ ਹੋਏ ਹਨ। ਇਸੇ ਲਈ ਸਰਕਾਰੀ ਗੁਦਾਮਾਂ ਵਿਚ ਬਹੁਤ ਸਾਰਾ ਅਨਾਜ ਪਿਆ ਪਿਆ ਖ਼ਰਾਬ ਹੋ ਜਾਂਦਾ ਹੈ।

ਸਨਅਤਾਂ ਦੀ ਉਪਜ ਦੇ ਵਾਧੇ ਦਾ ਬਹੁਤ ਢੰਡੋਰਾ ਪਿਟਿਆ ਜਾਂਦਾ ਹੈ। ਕੁਝ ਸਨਅਤਾਂ ਦੀ ਉਪਜ ਜੇ ੧੯੫੨ ਵਿਚ ੧੨੯ ਸੀ ਤਾਂ ੧੯੫੪ ਵਿਚ ੧੪੬ ਹੋ ਗਈ। ਸੀਮਿੰਟ ਕੱਪੜੇ ਆਦਿ ਅਤੇ ਨਕਲੀ ਖਾਦ ਜਿਹੀਆਂ ਸਨਅਤਾਂ ਦੀ ਉਪਜ ਵਧੀ ਹੈ। ਪਰ ਪਟਸਨ ਤੇ ਅਸਪਾਤ ਦੀ ਉਪਜ ਇਕ ਥਾਂ ਖੜੀ ਹੈ। ਕੱਪੜੇ ਦੀ ਉਪਜ ਵਿਚ ਵਾਧਾ ਦੇਸ਼ ਵਿਚ ਖਪਤ ਦੇ ਵਾਧੇ ਕਰ ਕੇ ਨਹੀਂ, ਸਗੋਂ ਬਦੇਸ਼ਾਂ ਦੀ ਮੰਗ ਵਿਚ ਵਾਧੇ ਦੇ ਕਾਰਨ ਹੋਇਆ। ਸੀਮਿੰਟ ਦੀ ਉਪਜ ਪ੍ਰਾਜੈਕਟਾਂ ਆਦਿ ਕਾਰਨ ਵਧੀ ਹੈ। ਦੂਜੇ ਉਪਜ ਵਿਚ ਇਹ ਵਾਧਾ ਸਨਅਤਾਂ ਦੀ ਉੱਨਤੀ ਅਤੇ ਵਿਕਾਸ਼ ਰਾਹੀ ਨਹੀਂ, ਸਗੋਂ ਅੱਜ ਕਲ ਲੱਗੀਆਂ ਮਸ਼ੀਨਾਂ ਤੋਂ ਵੱਧ ਕੰਮ ਲੈ ਕੇ ਹੋਇਆ ਹੈ। ਇਸ ਦੇ ਬਾਵਜੂਦ ੪੯ ਫ਼ੀ ਸਦੀ ਸਨਅਤਾਂ ਆਪਣੀ

ਪੈਦਾਵਾਰ ਕਰਨ ਦੀ ਸ਼ਕਤੀ ਤੋਂ ਘੱਟ ਪੈਦਾਵਾਰ ਕਰ ਰਹੀਆਂ ਹਨ। ਤੀਜੇ ਇਹ ਵਾਧਾ ਵੱਡੀਆਂ ਸਨਅਤਾਂ ਦੀ ਉਪਜ ਵਿਚ ਹੋਇਆ। ਪੱਛਮੀ ਬੰਗਾਲ ਦੀ ਨਿੱਕੇ ਕਾਰਖ਼ਾਨਿਆਂ ਦੀ ਸਭਾ ਨੇ ੧੯੫੪ ਵਿਚ ਇਕ ਨਿੱਕੀ ਜਿਹੀ ਕਿਤਾਬ ਛਾਪੀ ਜਿਸ ਵਿਚ ਦਸਿਆ ਗਿਆ ਸੀ ਕਿ ਉਹ ਆਪਣੀ ਸ਼ਕਤੀ ਦਾ ਕੇਵਲ ੩੦ ਜਾਂ ੪੦ ਫ਼ੀ ਸਦੀ ਉਪਜ ਕਰ ਰਹੀਆਂ ਹਨ। ਹੁਣੇ ਜਿਹੇ ਦੇਸੀ ਪਟੇ ਬਨਾਣ ਵਾਲੇ ਕਾਰਖ਼ਾਨਿਆਂ ਦਸਿਆ ਹੈ ਕਿ ਉਹ ਆਪਣੀ ਸ਼ਕਤੀ ਤੋਂ ੭੦ ਫ਼ੀ ਸਦੀ ਘੱਟ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਸਰਕਾਰ ਦੀ ਮੂਲਗੋਅੰਕਾਰ ਕਮੇਟੀ ਨੇ ਦਸਿਆ ਸੀ ਕਿ ਅੰਜੀਨੀਅਰੀ ਦੀ ਸਨਅਤ ਵਿਚ ੨੫ ਤੋਂ ੫੦ ਫ਼ੀ ਸਦੀ ਮਸ਼ੀਨਾਂ ਵਿਹਲੀਆਂ ਹਨ।

ਆਬਪਾਸ਼ੀ ਅਤੇ ਇਜਲੀ ਦੀ ਉਨਤੀ ਬਹੁਤ ਕਾਫ਼ੀ ਹੋਈ ਹੈ। ੩੯ ਲਖ ਏਕੜ ਜ਼ਮੀਨ ਸਿੰਜੀ ਜਾਣ ਲਗ ਪਈ ਹੈ ਅਤੇ ਕਿਹਾ ਜਾਂਦਾ ਹੈ ਕਿ ਹੋਰ ਦਸ ਲਖ ਸਿੰਜੀ ਜਾਵੇਗੀ। ਇਸ ਤਰ੍ਹਾਂ ਦੋ ਲਖ ਉਨੱਤੀ ਹਜ਼ਾਰ ਕਿਲੋਵਾਟ ਬਿਜਲੀ ਪੈਦਾ ਹੋਈ ਹੈ ਅਤੇ ਪਲੈਨ ਦੇ ਅੰਤ ਤੋਂ ਪਹਿਲਾਂ ਹੋਰ ੭੫੦੦੦ ਕਿਲੋਵਾਟ ਬਿਜਲੀ ਪੈਦਾ ਹੋਣ ਲਗ ਪਵੇਗੀ। ਪਰ ਇਹਨਾਂ ਵਾਧਿਆਂ ਤੋਂ ਫ਼ਾਇਦਾ ਬਹੁਤ ਘਟ ਉਠਾਇਆ ਜਾ ਰਿਹਾ ਹੈ। ਆਬਪਾਸ਼ੀ ਤੇ ਬਿਜਲੀ ਦੇ ਪ੍ਰਾਜੈਕਟ ਅਤੇ ਸਿੰਦਰੀ ਵਿਚ ਖਾਦ ਦਾ ਕਾਰਖਾਨਾ ਲਾਉਣਾ, ਬਹੁਤ ਸਾਰਾ ਰੁਪਿਆ ਜ਼ਾਇਆ ਕਰਨ ਦੇ ਬਾਵਜੂਦ ਮਹੱਤਵ ਭਰੀਆਂ ਚੀਜ਼ਾਂ ਹਨ।

ਇਸੇ ਤਰ੍ਹਾਂ ਬਿਜਲੀ ਦੀ ਉਪਜ ਜ਼ਰੂਰੀ ਹੈ। ਇਸ ਨਾਲ ਨ ਕੇਵਲ ਸਨਅਤਾਂ ਕਾਇਮ ਕਰਨ ਲਈ ਨੀਂਹ ਬਝ ਜਾਂਦੀ ਹੈ ਸਗੋਂ ਜਿਥੇ ਹੋਰ ਤਰ੍ਹਾਂ ਜ਼ਮੀਨ ਸਿੰਜੀ ਨਹੀਂ ਜਾ ਸਕਦੀ ਉਥੇ ਭੋਏਂ ਥਲੇ ਦਾ ਪਾਣੀ ਵਰਤਿਆ ਜਾ ਸਕਦਾ ਹੈ। ਕਮਿਊਨਿਟੀ ਪ੍ਰਾਜੈਕਟਾਂ, ਕੌਮੀ ਸੁਧਾਰ ਯੋਜਨਾਵਾਂ ਆਦਿ ਤੋਂ ਸੜਕਾਂ ਆਦਿ

ਬਾਰੇ ਲਾਭ ਹੋਇਆ ਹੈ। ਖਾਦ ਲਈ ਕਰਜ਼ੇ ਤੇ ਹੋਰ ਕਰਜ਼ੇ ਵੀ ਗੁਣਕਾਰੀ ਸਾਬਤ ਹੋਏ ਹਨ। ਪਰ ਇਹ ਸਕੀਮਾਂ ਬੜੇ ਮਹਿੰਗੇ ਮੁਲ ਪਈਆਂ ਹਨ। ਇਨ੍ਹਾਂ ਦੇ ਪ੍ਰਬੰਧਕ ਮਾਮਲਿਆਂ ਤੇ ਬਹੁਤ ਰਕਮ ਖਰਚ ਹੋ ਜਾਂਦੀ ਹੈ, ਅਤੇ ਬਹੁਤ ਸਾਰੀ ਰਕਮ ਜ਼ਾਇਆ ਵੀ ਜਾਂਦੀ ਹੈ।

ਅਕਤੂਬਰ ੧੯੫੪ ਤਕ ਕਮਿਊਨਿਟੀ ਪ੍ਰਾਜੈਕਟਾਂ ਅਤੇ ਸੁਧਾਰ ਯੋਜਨਾਵਾਂ ਉਤੇ ਸਰਕਾਰ ਨੇ ੯ ਕਰੋੜ ੭੧ ਲਖ ਰੁਪੈ ਖ਼ਰਚ ਕੀਤੇ, ਜਿਨ੍ਹਾਂ ਚੋਂ ਬਹੁਤੇ ਅਮ੍ਰੀਕਾ ਤੋਂ ਮਸ਼ੀਨਾਂ ਆਦਿ ਮੰਗਵਾਣ ਤੇ ਲਗੇ। ਲੋਕਾਂ ਨੇ ਇਸ ਵਿਚ ਵਖੋ ਵਖ ਸ਼ਕਲਾਂ ਵਿਚ ੩ ਕਰੋੜ ੯੧ ਲਖ ਰੁਪੈ ਹਿਸਾ ਪਾਇਆ। ਇਸ ਦਾ ਮਤਲਬ ਇਹ ਹੈ ਕਿ ਲੋਕ ਇਨ੍ਹਾਂ ਸਕੀਮਾਂ ਲਈ ਤਕੜੀ ਕੁਰਬਾਨੀ ਕਰ ਰਹੇ ਹਨ। ਇਸ ਦਾ ਇਸ ਕੁਰਬਾਨੀ ਜਿੱਨਾ ਲਾਭ ਵੀ ਹੋਇਆ ਜਾਂ ਨਹੀਂ, ਇਹ ਨਿਰਨਾ ਲਾਜ਼ਮੀ ਹੈ। ਕਿਉਂਕਿ ਸਭ ਜਾਣਦੇ ਹਨ ਕਿ ਇਨ੍ਹਾਂ ਪ੍ਰਾਜੈਕਟਾਂ ਵਿਚ ਭ੍ਰਿਸ਼ਟਾਚਾਰ ਦਾ ਜ਼ੋਰ ਹੈ।

ਬਿਜਲੀ, ਖੇਤੀ ਬਾੜੀ ਦੀ ਤਰੱਕੀ ਲਈ ਨੀਂਹ ਦਾ ਕੰਮ ਕਰ ਸਕਦੀ ਹੈ। ਪਰ ਇਸ ਨੂੰ ਬਹੁਤ ਹੀ ਥੋੜੇ ਕਿਸਾਨ ਵਰਤ ਸਕਦੇ ਹਨ ਕਿਉਂਕਿ ਉਨ੍ਹਾਂ ਕੋਲ ਜ਼ਮੀਨ ਜਾਂ ਉਕਾ ਹੈ ਹੀ ਨਹੀਂ ਜਾ ਬਹੁਤ ਥੋੜੀ ਹੈ। ਕੁਝ ਖੁਸ਼ਹਾਲ ਕਿਸਾਨਾਂ ਨੂੰ ਹੀ ਇਸ ਦਾ ਲਾਭ ਹੋਵੇਗਾ ਜਿਨ੍ਹਾਂ ਕੋਲ ਪੰਪਾਂ ਆਦਿ ਲਈ ਪੈਸੇ ਹਨ।

ਆਬਪਾਸ਼ੀ ਲਈ ਵੀ ਖੁਸ਼ਹੈਸੀਅਤੀ ਆਦਿ ਦੇ ਬਹੁਤ ਤਕੜੇ ਭਾਰ ਪਾ ਦਿਤੇ ਗਏ ਹਨ। ਆਬਪਾਸ਼ੀ ਵਾਲੀ ਖੇਤੀਬਾੜੀ ਲਈ ਹੋਰ ਬਹੁਤ ਸਾਰੇ ਖਰਚੇ ਵੀ ਕਰਨੇ ਪੈਂਦੇ ਹਨ। ਇਸ ਲਈ ਬਹੁਤ ਸਾਰੇ ਕਿਸਾਨ ਜਗੀਰਦਾਰਾਂ ਅਗੇ ਜ਼ਮੀਨ ਵੇਚਣ ਤੇ ਮਜਬੂਰ ਹੋ ਗਏ ਹਨ।

ਇਸ ਤੋਂ ਇਹ ਗਲ ਸਿਧ ਹੁੰਦੀ ਹੈ ਕਿ ਇਨ੍ਹਾਂ ਪ੍ਰਾਜੈਕਟਾਂ ਅਤੇ ਪਲੈਨਾਂ ਰਾਹੀਂ ਲੋਕਾਂ ਦੀ ਜੀਵਨ ਪੱਧਰ ਉਚੀ ਕਰਨ ਦੀਆਂ

ਜੋ ਸੰਭਾਵਨਾਵਾਂ ਹਨ ਉਹ ਉਸ ਸਮੇਂ ਤਕ ਪੂਰੀ ਤਰਾਂ ਨਹੀਂ ਵਰਤੀਆਂ ਜਾ ਸਕਦੀਆਂ ਜਦੋਂ ਤਕ ਸਾਮਰਾਜੀ ਹਕੂਮਤ ਦਾ ਵਿਰਸਾ, ਅਜ ਕਲ ਦੇ ਸਮਾਜੀ ਤੇ ਆਰਥਕ ਰਿਸ਼ਤੇ ਨੂੰ ਬਦਲਿਆ ਨਾ ਜਾਵੇ ।

ਪੰਜ ਸਾਲਾ ਪਲੈਨ ਅਤੇ ਜਨਤਾ

੨੦ ਦਸੰਬਰ ੧੯੫੪ ਨੂੰ ਵਜ਼ੀਰ ਖਜ਼ਾਨਾ ਨੇ ਪਾਰਲੀਮੈਂਟ ਵਿਚ ਕਿਹਾ ਸੀ "ਘਟ ਉੱਨਤ ਦੇਸ਼ ਦੀ ਆਰਥਕ ਪਾਲਿਸੀ ਦਾ ਆਸ਼ਾ ਇਹ ਹੋਣਾ ਚਾਹੀਦਾ ਹੈ ਕਿ ਜਨਤਾ ਦੀ ਜੀਵਨ ਪੱਧਰ ਉਚੀ ਕੀਤੀ ਜਾਵੇ ਅਤੇ ਛੇਤੀ ਤੋਂ ਛੇਤੀ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਸਭ ਨੂੰ ਰੁਜ਼ਗਾਰ ਮਿਲ ਸਕੇ।" ਉਨ੍ਹਾਂ ਦਾਵਾ ਕੀਤਾ ਹੈ "ਇਹ ਪਾਲੀਸੀ ਪੰਜ ਸਾਲਾ ਪਲੈਨ ਦੀ ਨੀਂਹ ਹੈ।"

ਇਸ ਘਸਵਟੀ ਤੇ ਪਰਖੀਏ ਤਾਂ ਪਲੈਨ ਦਾ ਵਡਾ ਆਸ਼ਾ ਪੂਰਾ ਨਹੀਂ ਹੋਇਆ। ਜਨਤਾ ਦੀ ਜੀਵਨ ਪਧਰ ਜੇ ਨੀਵੀਂ ਨਹੀਂ ਹੋਈ ਤਾਂ ਉਚੀ ਵੀ ਨਹੀਂ ਹੋਈ। ਬੇਕਾਰੀ ਵਧੀ ਹੈ। ਦੂਜੀ ਪੰਜ ਸਾਲਾ ਪਲੈਨ ਬਾਰੇ ਆਪਣੇ ਨੋਟ ਵਿਚ ਇੰਡੀਅਨ ਫੈਡਰੇਸ਼ਨ ਆਫ ਕਾਮਰਸ ਐਂਡ ਇੰਡਸਟਰੀ ਨੇ ਲਿਖਿਆ ਹੈ ਕਿ ਜਨਤਾ ਦੀ ਜੀਵਨ ਪਧਰ ਜੰਗ ਤੋਂ ਪਹਿਲਾਂ ਦੀ ਪੱਧਰ ਤੇ ਹੀ ਕਾਇਮ ਹੈ। ਦੂਜੀ ਪੰਜ ਸਾਲਾ ਪਲੈਨ ਬਾਰੇ ਪ੍ਰੋਫੈਸਰ ਮਹਾਲਾਨੋਬਿਸ ਨੇ ਕਿਹਾ ਹੈ।

"ਜੀਵਨ ਪਧਰ ਅਤਿ ਨੀਵੀਂ ਹੈ। ਜੀ ਪ੍ਰਤੀ ਆਮ ਵਰਤੋਂ ਦੀਆਂ ਚੀਜ਼ਾਂ ਤੇ ੨੨ ਰੁਪੈ ਮਹੀਨਾ ਖਰਚਾ ਹੁੰਦਾ ਹੈ। ਇਸ ਵਿਚੋਂ ੧੩ ਰੁਪੈ ਨਕਦ ਤੇ ੯ ਰੁਪੈ ਘਰ ਦੇ ਉਗਾਏ ਹੋਏ ਅੰਨ ਦੀ ਸ਼ਕਲ ਵਿਚ ਹੁੰਦਾ ਹੈ। ਪਿੰਡਾਂ ਵਿਚ ਮਕਾਨ ਅਤਿ ਘਟੀਆ ਹਨ ਅਤੇ ਸ਼ਹਿਰਾਂ ਵਿਚ ਮਕਾਨਾਂ ਦੀ ਸਖ਼ਤ ਥੁੜ ਹੈ। ਤਾਕਤ ਦੇਣ ਵਾਲੀ

ਖ਼ੁਰਾਕ ਦੀ ਵਰਤੋਂ ਬਹੁਤ ਘਟ ਹੈ। ਵਿਦਿਆ ਤੇ ਜੀ ਪ੍ਰਤੀ ੪ ਆਨੇ ਤ ਸਿਹਤ ਤੇ ੭ ਆਨੇ ਮਹੀਨਾ ਖਰਚ ਹੁੰਦਾ ਹੈ।

"ਇਹ ਸਭ ਵਰਗਾਂ ਲਈ ਸਾਂਝੇ ਅੰਦਾਜ਼ੇ ਹਨ। ਗ਼ਰੀਬਾਂ ਦੀ ਹਾਲਤ ਹੋਰ ਵੀ ਮੰਦੀ ਹੈ। ਹਿੰਦ ਦੀ ਅੱਧੀ ਆਬਾਦੀ ਆਮ ਵਰਤੋਂ ਤੇ ੧੩ ਰੁਪੈ ਮਹੀਨਾ ਜੀ ਪ੍ਰਤੀ ਖਰਚ ਕਰਦੀ ਹੈ ਤੇ ਉਸ ਵਿਚੋਂ ਵੀ ਅਧਾ ਘਰ ਦਾ ਉਗਾਇਆ ਹੋਇਆ ਅਨਾਜ ਹੁੰਦਾ ਹੈ। ਸਕੂਲ ਜਾਣ ਵਾਲੇ ਬਚਿਆਂ ਚੋਂ ਅਧੇ ਪ੍ਰਾਇਮਰੀ ਤੇ ਪੰਜਵੇਂ ਹਿਸੇ ਤੋਂ ਘਟ ਹਾਈ ਸਕੂਲਾਂ ਵਿਚ ਪੜ੍ਹਦੇ ਹਨ, ਪਿੰਡਾਂ ਵਿਚ ਸ਼ੈਦ ੩੦ ਹਜ਼ਾਰ ਲੋਕਾਂ ਪਿਛੇ ਇਕ ਡਾਕਟਰ ਹੈ।"

ਰੁਜ਼ਗਾਰਾਂ ਬਾਰੇ ਫੈਡਰੇਸ਼ਨ ਆਫ਼ ਕਾਮਰਸ ਐਂਡ ਇੰਡਸਟਰੀ ਨੇ ਕਿਹਾ ਹੈ "ਪਿਛਲੇ ਕੁਝ ਸਾਲਾਂ ਵਿਚ ਉਨਤੀ ਦੀਆਂ ਸਕੀਮਾਂ ਕਾਰਨ ਰੁਜ਼ਗਾਰ ਦੀ ਹਾਲਤ ਨਹੀਂ ਸੁਧਰੀ।" ਵਜ਼ੀਰ ਖਜ਼ਾਨਾ ਨੇ ਵੀ ਮੰਨਿਆ ਕਿ ਬੇਕਾਰੀ ਬਹੁਤ ਆਮ ਹੈ।

ਹਾਕਮ ਵਰਗਾਂ ਦੇ ਪ੍ਰਤਿਨਿਧਾਂ ਦੀਆਂ ਇਹ ਗਲਾਂ ਅਸਲੀ ਹਾਲਤ ਤੋਂ ਪਰਦਾ ਚੁਕ ਦੇਂਦੀਆਂ ਹਨ। ਇਨ੍ਹਾਂ ਸਾਰੀਆਂ ਗਲਾਂ ਦੇ ਨਾਲ ਹੀ ਨਾਲ ਪਿਛਲੇ ਕੁਝ ਮਹੀਨਿਆਂ ਵਿਚ ਜਿਨਸਾਂ ਦੇ ਜੋ ਭਾ ਡਿਗੇ ਉਸ ਨੇ ਤਾਂ ਕਿਸਾਨਾਂ ਦਾ ਲਕ ਹੀ ਤੋੜ ਦਿਤਾ। ਹਰ ਜਿਨਸ ਦੀ ਕੀਮਤ ਬਹੁਤ ਬੁਰੀ ਤਰ੍ਹਾਂ ਡਿਗੀ ਸੀ।

ਕੀਮਤਾਂ ਦੇ ਇਕ ਦਮ ਡਿਗਣ ਦਾ ਕੀ ਨਤੀਜਾ ਹੁੰਦਾ ਹੈ, ਇਸ ਦਾ ਪਤਾ ਇਸ ਗਲ ਤੋਂ ਲਗਦਾ ਹੈ ਕਿ ਹਿੰਦ ਸਰਕਾਰ ਦੇ ਸਾਬਕ ਆਰਥਕ ਸਲਾਹਕਾਰ ਸ੍ਰੀ ਪੀ.ਜੇ. ਟਾਮਸ ਦੇ ਅੰਦਾਜ਼ੇ ਅਨੁਸਾਰ ਕੀਮਤਾਂ ਦੇ ਡਿਗਣ ਨਾਲ ਕੇਵਲ ਟ੍ਰਾਵਨਕੋਰ ਕੋਚੀਨ ਦੇ ਕਿਸਾਨਾਂ ਨੂੰ ਹੀ ੬੦ ਕਰੋੜ ਦਾ ਨੁਕਸਾਨ ਹੋਇਆ।

ਭਾ ਇੱਨੇ ਡਿਗ ਗਏ ਕਿ ਹਿੰਦ ਸਰਕਾਰ ਨੇ ਐਲਾਨ ਕੀਤਾ ਕਿ ਜੇ ਕਣਕ ੧੦ ਰੁਪੈ ਤੇ ਚੋਲ ੧੧ ਰੁਪੈ ਤੋਂ ਡਿਗ ਗਏ ਤਾਂ ਉਹ ਆਪ ਜਿਨਸਾਂ ਖਰੀਦੇਗੀ।

ਜਿਥੇ ਜਿਨਸਾਂ ਦੇ ਭਾ ਬੜੀ ਬੁਰੀ ਤਰ੍ਹਾਂ ਡਿਗੇ, ਉਥੇ ਕਾਰਖਾਨਿਆਂ ਵਿਚ ਬਣੀਆਂ ਚੀਜ਼ਾਂ ਦੇ ਭਾ ਕਾਇਮ ਰਹੇ। ਦੇਸ਼ ਦੀ ਕੁਲ ਕੌਮੀ ਆਮਦਨ ਇਕ ਖਰਬ (੧੦੦੦੦੦ ਕਰੋੜ) ਰੁਪੈ ਹੈ। ਇਸ ਚੋਂ ਲਗ ਭਗ ੫੦ ਅਰਬ ਖੇਤੀ ਬਾੜੀ ਰਾਹੀਂ ਹੁੰਦੀ ਹੈ। ਇਸ ਲਈ ਜਿਨਸਾਂ ਦੇ ਭਾ ਡਿਗਣ ਦਾ ਨਤੀਜਾ ਇਹ ਹੋਇਆ ਕਿ ਖ਼ਰੀਦ ਸ਼ਕਤੀ ਵਿਚ ੧੦ ਅਰਬ ਰੁਪੈ ਦਾ ਘਾਟਾ ਹੋ ਗਿਆ। ਅਸਲ ਘਾਟਾ ਇਸ ਤੋਂ ਵੀ ਵਧ ਹੈ ਕਿਉਂਕਿ ਅੰਦਾਜ਼ੇ ਵਿਚ ਥੋਕ ਕੀਮਤਾਂ ਲਾਈਆਂ ਗਈਆਂ ਹਨ। ਪਰ ਕਿਸਾਨਾਂ ਨੂੰ ਅਪਣੀ ਜਿਨਸ ਬਦਲੇ ਥੋਕ ਕੀਮਤ ਤੋਂ ਘਟ ਮਿਲਦਾ ਹੈ ਤੇ ਉਹ ਆਪਣੀ ਲੋੜ ਦੀਆਂ ਚੀਜ਼ਾਂ ਪਰਚੂਨ ਭਾ ਤੇ ਖਰੀਦਦਾ ਹੈ। ਭਾ ਡਿਗਣ ਨਾਲ ਕਿਸਾਨੀ ਸਿਰ ਕਰਜ਼ੇ ਦਾ ਭਾਰ ਹੋਰ ਵੀ ਵਧ ਗਿਆ ਹੈ। ਇਸ ਤੋਂ ਸਪਸ਼ਟ ਹੈ ਕਿ ਅਨਾਜ ਦੀ ਪੈਦਾਵਾਰ ਵਿਚ ਜਿਸ ਵਾਧੇ ਦਾ ਢੰਡੋਰਾ ਪਿਟਿਆ ਜਾਂਦਾ ਹੈ ਉਸ ਦਾ ਕਿਸਾਨਾਂ ਨੂੰ ਲਾਭ ਨਹੀਂ ਹੋਇਆ। ਸਗੋਂ ਉਹ ਉਜੜ ਗਏ। ਅਜਾਰੇਦਾਰਾਂ ਤੇ ਜਗੀਰਦਾਰਾਂ ਦਾ ਸਰਕਾਰ ਤੇ ਇੰਨਾ ਅਸਰ ਸੀ ਕਿ ਭਾ ਡਿਗਣ ਤੋਂ ਰੋਕਣ ਦਾ ਕੋਈ ਜਤਨ ਨਹੀਂ ਕੀਤਾ ਗਿਆ। ਭਾ ਡਿਗਣ ਨਾਲ ਘਰੋਲੂ ਮੰਡੀ ਹੋਰ ਸੁਕੜ ਕੇ ਸਨਅਤੀ ਉੱਨਤੀ ਰੁਕਣ ਦਾ ਖ਼ਤਰਾ ਪੈਦਾ ਹੋ ਗਿਆ।

ਮਜ਼ਦੂਰ ਤਬਕੇ ਦੀ ਹਾਲਤ

ਸਨਅਤੀ ਪੈਦਾਵਾਰ ਵਧਣ ਦੇ ਬਾਵਜੂਦ ਮਜ਼ਦੂਰਾਂ ਦੀ ਹਾਲਤ ਕੋਈ ਚੰਗੀ ਨਹੀਂ ਹੋਈ। ਪੈਦਾਵਾਰ ਦੇ ਨਾਲ ਨਾਲ ਸਰਕਾਰ ਦੀ ਮਦਦ ਨਾਲ ਮਜ਼ਦੂਰਾਂ ਤੇ ਕੰਮ ਦਾ ਭਾਰ ਵਧਾਇਆ ਜਾ ਰਿਹਾ ਹੈ। ਮਜ਼ਦੂਰਾਂ ਦੀ ਕੁਛ ਗਿਣਤੀ ਘਟੀ। ਮਾਲਕਾਂ ਦੀ ਐਸੋਸੀਏਸ਼ਨ ਦੇ ਅੰਕੜਿਆਂ ਅਨੁਸਾਰ, ਪਟਸਨ ਦੀ ਸਨਅਤ ਵਿਚ ੪੦ ਹਜ਼ਾਰ ਮਜ਼ਦੂਰ ਛਾਂਟੀ ਹੋਏ ਹਨ। ਕਪੜੇ ਤੇ ਸੀਮਿੰਟ

ਵਿਚ ਪੈਦਾਵਾਰ ਵਧੀ ਹੈ ਪਰ ਮਜ਼ਦੂਰਾਂ ਦੀ ਗਿਣਤੀ ਨਹੀਂ ਵਧੀ। ਕੋਲੇ ਦੀਆਂ ਕਾਨਾਂ ਵਿਚ ਗਿਣਤੀ ੧.੫ ਫੀ ਸਦੀ ਘਟੀ ਹੈ। ੧੯੫੪ ਦੇ ਪਹਿਲੇ ਅਧ ਵਿਚ ਬੰਗਾਲ ਅਤੇ ਬਿਹਾਰ ਦੀਆਂ ਕਾਨਾਂ ਵਿਚ ਮਜ਼ਦੂਰ ੧੯੫੩ ਦੇ ਪਹਿਲੇ ਅਧ ਨਾਲੋਂ ੫ ਫ਼ੀ ਸਦੀ ਘਟ ਸਨ।

ਅਨਾਜ ਦੀ ਕੀਮਤ ਡਿਗਣ ਦਾ ਮਜ਼ਦੂਰਾਂ ਨੂੰ ਕੋਈ ਲਾਭ ਨਹੀਂ ਹੋਇਆ ਕਿਉਂਕਿ ਮਹਿੰਗਾਈ ਭੱਤਾ ਕਟ ਦਿਤਾ ਗਿਆ। ਕਈ ਕਾਰਖਾਨਿਆਂ ਵਿਚ ਤਨਖਾਹਾਂ ਵੀ ਘਟ ਕੀਤੀਆਂ ਗਈਆਂ ਭਾਵੇਂ ਇਹ ਗਲ ਆਮ ਨਹੀਂ ਹੋਈ। ਪਰ ਸਭ ਤੋਂ ਅਹਿਮ ਗਲ ਬੋਨਸ ਵਿਚ ਕਮੀ ਤੇ ਕਈ ਥਾਂ ਬੋਨਸ ਦੇਣੋਂ ਉਕਾ ਹੀ ਇਨਕਾਰ ਹੈ। ਸਰਕਾਰ ਨੇ ਬੈਂਕਾਂ ਦਿਆਂ ਮਾਲਕਾਂ ਅਗੇ ਝੁਕ ਕੇ ਬੈਂਕ ਐਵਾਰਡ ਵਿਚ ਤਰਮੀਮ ਕਰ ਦਿਤੀ। ਇਹ ਗਲ ਇੰਨੀ ਬਿਸ਼ਰਮੀ ਭਰੀ ਸੀ ਕਿ ਕੇਂਦਰੀ ਸਰਕਾਰ ਦੇ ਵਜ਼ੀਰ ਮਿਹਨਤ ਨੇ ਵੀ ਰੋਸ ਵਜੋਂ ਅਸਤੀਫ਼ਾ ਦੇ ਦਿਤਾ। ਸਰਕਾਰੀ ਕਾਰਖਾਨਿਆਂ ਵਿਚ ਵੀ ਬਹੁਤ ਛਾਂਟੀ ਹੋਈ ਹੈ।

ਛੋਟੀਆਂ ਸਨਅਤਾਂ ਦਾ ਪਹਿਲਾਂ ਜ਼ਿਕਰ ਆ ਚੁਕਾ ਹੈ। ਸਰਕਾਰ ਅਜਾਰੇਦਾਰਾਂ ਲਈ ਤਾਂ ਸਰਮਾਇਆ ਦੇਂਦੀ ਹੈ, ਉਸ ਨੂੰ ਛੋਟੀਆਂ ਸਨਅਤਾਂ ਦੀ ਕੋਈ ਫਿਕਰ ਨਹੀਂ। ਵਡੇ ਬੈਂਕ ਉਹਨਾਂ ਦੀ ਮਦਦ ਨਹੀਂ ਕਰਦੇ, ਉਹਨਾਂ ਦੀਆਂ ਮਾਇਕ ਔਕੜਾਂ ਰਾਹੀਂ ਉਹਨਾਂ ਦੀ ਗਿਚੀ ਘੁਟੀ ਜਾਂਦੀ ਹੈ। ਪੰਜ ਸਾਲਾ ਪਲੈਨ ਦੀ ਉਨਤੀ ਦੀ ਰਪੋਰਟ ਤੋਂ ਪਤਾ ਲਗਦਾ ਹੈ ਕਿ ਸਾਬਣ, ਮਾਚਸ ਆਦਿ ਜਿਹੀਆਂ ਸਨਅਤਾਂ ਵਿਚ ਜਿਥੇ ਲੀਵਰ ਬਰਾਦਰਜ਼ ਅਤੇ ਵਿਮਕੋ ਵਰਗੇ ਬਦੇਸ਼ੀ ਜਿਨ੍ਹਾਂ ਨੇ ਆਪਣੀ ਉਪਜ ਵਧਾਈ ਹੈ, ਉਥੇ ਛੋਟੇ ਅਤੇ ਦਰਮਿਆਨੇ ਕਾਰਖਾਨੇ ਬੰਦ ਹੋ ਗਏ ਹਨ। ਪਲੈਨ ਦੀ ਅਪ੍ਰੈਲ ਤੋਂ ਸਤੰਬਰ ੧੯੫੪ ਦੀ ਉਨਤੀ ਦੀ ਰਪੋਰਟ ਵਿਚ ਕਿਹਾ ਗਿਆ ਹੈ, ਇਸ ਸਮੇਂ ਵਿਚ, ਬੇਕਾਰੀ ਦੀ

ਹਾਲਤ ਫਿਕਰ ਵਾਲੀ ਰਹੀ ਹੈ । ਰੁਜ਼ਗਾਰ ਵਾਲੇ ਦਫਤਰਾਂ ਵਿਚ ਰਜਿਸਟਰ ਹੋਏ ਲੋਕਾਂ ਦੀ ਗਿਣਤੀ ੫ ਲਖ ੭੬ ਹਜ਼ਾਰ ਤੋਂ ੫ ਲਖ ੯੦ ਹਜ਼ਾਰ ਹੋ ਗਈ। ਇਹ ੧੨'੩ ਦਾ ਵਾਧਾ ਸੀ। ੨੦ ਦਸੰਬਰ ੧੯੫੪ ਨੂੰ ਕੇਂਦਰੀ ਵਜ਼ੀਰ ਖ਼ਜ਼ਾਨਾ ਨੇ ਮੰਨਿਆ ਕਿ ਕੰਮ ਕਰਨ ਦੇ ਕਾਬਲ ਲੋਕਾਂ ਚੋਂ ੮ ਜਾਂ ੧੦ ਫ਼ੀ ਸਦੀ ਨੂੰ ਕੰਮ ਤੇ ਲਾਇਆ ਜਾਣਾ ਹੈ। ਬੇਦਖ਼ਲੀਆਂ, ਛੋਟੀਆਂ ਸਨਅਤਾਂ ਦੇ ਬੰਦ ਹੋਣ ਆਦਿ ਨਾਲ ਬੇਕਾਰੀ ਵਿਚ ਇਨਾ ਵਾਧਾ ਹੋਇਆ ਹੈ ਕਿ ਨਵੇਂ ਪ੍ਰਾਜੈਕਟ ਉਹਨਾਂ ਬੇਕਾਰਾਂ ਨੂੰ ਖਪਾ ਨਹੀਂ ਸਕੇ। ਵਜ਼ੀਰ ਖ਼ਜ਼ਾਨਾ ਨੇ ਆਪ ਕਿਹਾ ਕੁਲ ੧੫ ਕਰੋੜ ਕੰਮ ਕਰਨ ਲਾਇਕ ਲੋਕਾਂ ਚੋਂ ਡੇਢ ਕਰੋੜ ਨੂੰ ਕੰਮ ਤੇ ਲਾਇਆ ਜਾਣਾ ਹੈ। ਪਰ ਹਾਲਤ ਇਸ ਤੋਂ ਵੀ ਖ਼ਰਾਬ ਹੈ, ਜੇ ਅਸੀਂ ਇਹ ਗਲ ਮੁਖ ਰਖੀਏ ਕਿ ਹਰ ਸਾਲ ਕੰਮ ਕਰਨ ਦੇ ਕਾਬਲ ਲੋਕਾਂ ਦੀ ਗਿਣਤੀ ਵਿਚ ੧ ਕਰੋੜ ੯੦ ਲਖ ਦਾ ਵਾਧਾ ਹੋ ਜਾਂਦਾ ਹੈ।

ਅਜਾਰੇਦਾਰਾਂ ਦੀਆਂ ਮੌਜਾਂ

ਇਹਨਾਂ ਸਾਰੀਆਂ ਗਲਾਂ ਦਾ ਅਜਾਰੇਦਾਰਾਂ ਨੂੰ ਲਾਭ ਹੋਇਆ ਹੈ। ਜਿਨਸਾਂ ਦੇ ਭਾ ਡਿਗਣ ਨਾਲ ਉਹਨਾਂ ਨੂੰ ਕੱਚਾ ਮਾਲ ਸਸਤਾ ਮਿਲਿਆ। ਇਸ ਬਹਾਨੇ ਉਹਨਾਂ ਉਜਰਤਾਂ ਘਟ ਕਰ ਦਿਤੀਆਂ। ਪੈਦਾਵਾਰ ਦਾ ਖਰਚਾ ਘਟਣ ਨਾਲ ਕੀਮਤਾਂ ਨਹੀਂ ਘਟੀਆਂ। ਸਗੋਂ ਬਦੇਸ਼ਾਂ ਨੂੰ ਭੇਜੇ ਜਾਣ ਵਾਲੇ ਮਾਲ ਵਿਚ ਵਾਧਾ ਹੋਇਆ। ਹਿੰਦ ਦੀ ਕਪਾਹ ਦੁਨੀਆਂ ਵਿਚ ਸਭ ਤੋਂ ਸਸਤੀ ਹੈ। ਮਜ਼ਦੂਰੀ ਥੋੜੀ ਹੈ, ਇਸੇ ਲਈ ਹਿੰਦ ਦਾ ਕਪੜਾ ਬਰਤਾਨੀਆਂ ਵਿਚ ਬਰਤਾਨੀਆਂ ਦੇ ਬਣੇ ਕਪੜੇ ਨਾਲ ਟੱਕਰ ਲੈਂਦਾ ਹੈ। ਬਦੇਸ਼ਾਂ ਨੂੰ ਮਾਲ ਭੇਜ ਦੇਣ ਕਾਰਨ ਕੀਮਤਾਂ ਵਧਾਈ ਰਖੀਆਂ ਗਈਆਂ ਹਨ।

ਇਸੇ ਲਈ ਦੇਸੀ ਤੇ ਬਰਤਾਨਵੀਂ ਅਜਾਰੇਦਾਰ ਦੋਵੇਂ ਜੀ ਭਰ ਕੇ ਨਫ਼ੇ ਕਮਾ ਰਹੇ ਹਨ । ੧੯੫੪ ਦੇ ਪਹਿਲੇ ਛੇ ਮਹੀਨਿਆਂ ਵਿਚ ਬੰਗਾਲ ਕੋਇਲਾ ਕੰਪਨੀ ਦਾ ਨਫ਼ਾ ੪ ਲਖ ਵਧ ਗਿਆ, ਪਿਛਲੇ ਸਾਲ ਇਕੁਈਟੇਬਲ ਕੋਇਲਾ ਕੰਪਨੀ ਦੇ ਨਫ਼ੇ ਵਿਚ ੫ ਲਖ ਦਾ ਵਾਧਾ ਹੋਇਆ । ਇਮਪੀਰੀਅਲ ਤੰਬਾਕੂ ਕੰਪਨੀ ਦੇ ਨਫ਼ੇ ਵਿਚ ੧੧ ਲਖ ਦਾ। ਹਰ ਵਡੀ ਫਰਮ ਨੇ ਆਪਣੀ ਆਮਦਨ ਖ਼ਰਚ ਦੇ ਜੋ ਅੰਕੜੇ ਛਾਪੇ ਹਨ, ਉਹਨਾਂ ਵਿਚ ਪਹਿਲਾਂ ਨਾਲੋਂ ਵਧ ਨਫ਼ਾ ਹੀ ਵਿਖਾਇਆ ਗਿਆ ਹੈ। ਗ਼ੈਰ ਸਰਕਾਰੀ ਕੰਪਨੀਆਂ ਦਾ ਨਫ਼ਾ ਉਹਨਾਂ ਦੇ ਸਰਮਾਏ ਦੇ ੭ ਫ਼ੀ ਸਦੀ ਤੋਂ ਵਧ ਕੇ ੧੯.੬ ਫ਼ੀ ਸਦੀ ਹੋ ਗਿਆ । ਇਸੇ ਲਈ ਵਡੇ ਸਰਮਾਏਦਾਰਾਂ ਦੇ ਅਖਬਾਰ ਈਸਟਰ ਇਕਾਨੋਮਿਸਟ ਨੇ ਲਿਖਿਆ, "੧੯੫੪ ਦਾ ਸਾਲ "ਕਰਾਮਾਤੀ" ਸਾਲ ਸੀ "।

ਸਰਕਾਰ ਨੇ ਇਹਨਾਂ ਵਧ ਰਹੇ ਮੁਨਾਫ਼ਿਆਂ ਤੇ ਰੋਕ ਨਹੀਂ ਲਾਈ ਸਗੋਂ ਵਜ਼ੀਰ ਖ਼ਜ਼ਾਨਾ ਨੇ ਕਿਹਾ ਕਿ ਇਸ ਨਾਲ ਕਾਰਖ਼ਾਨੇਦਾਰਾਂ ਦਾ ਉਤਸ਼ਾਹ ਵਧੇਗਾ। ਸਰਕਾਰ ਨੇ ਸਰਮਾਏਦਾਰਾਂ ਦੀ ਹਰ ਵੀ ਸਹਾਇਤਾ ਕੀਤੀ। ਇੰਕਮ ਟੈਕਸ ਤੇ ਕਾਰਪੋਰੇਸ਼ਨ ਟੈਕਸ ਤੋਂ ਉਸ ਨੂੰ ੨੨ ਕਰੋੜ ਆਮਦਨ ਹੋਈ । ਇਸ ਸਾਲ ਉਹਨਾਂ ਨੂੰ ਮਸ਼ੀਨਾਂ ਦੀ ਘਸਾਈ ਦੇ ਨਾਂ ਤੇ ਹੋਰ ਰਿਐਤਾਂ ਦਿਤੀਆਂ ਗਈਆਂ । ਉਹਨਾਂ ਜੋ ਟੈਕਸ ਹਜ਼ਮ ਕਰ ਲਿਆ, ਉਹ ਕਢਵਾਣ ਦੀ ਥਾਂ, ਉਹਨਾਂ ਵਲੋਂ ਜ਼ਾਹਿਰ ਕੀਤੀ ਗਈ ਆਮਦਨ ਤੇ ਟੈਕਸ ਦੀ ਮਿਥੀ ਹੋਈ ਰਕਮ ਅਣਵਸੂਲੀ ਰਹਿਣ ਦਿਤੀ ਗਈ।

"ਉਤਸ਼ਾਹ" ਦੇਣ ਲਗਿਆਂ ਵੀ ਸਰਕਾਰ ਨੂੰ ਅਜਾਰੇਦਾਰ ਹੀ ਚੇਤੇ ਆਉਂਦੇ ਹਨ। ਜਿਨਸਾਂ ਦੇ ਭਾ ਡਿਗਣ ਨਾਲ ਉਜੜੇ ਕਿਸਾਨ ਤੇ ਦਸਤਕਾਰ ਕਿਤੇ ਦਿਸਦੇ ਵੀ ਨਹੀਂ। ਪਰ ਇਸ ਸਾਰੇ "ਉਤਸ਼ਾਹ" ਦੇ ਬਾਵਜੂਦ ਪਹਿਲੀ ਪੰਜ ਸਾਲਾ ਪਲੈਨ

ਵਿਚ ਸਰਮਾਏਦਾਰਾਂ ਉਤਨਾ ਰੁਪਿਆ ਨਹੀਂ ਲਾਇਆ ਜਿਤਨਾ ਸਰਕਾਰ ਨੇ ਨਿਸ਼ਾਨਾ ਬੱਧਾ ਸੀ। ਉਨ੍ਹਾਂ ਤਿੰਨ ਸਾਲਾਂ ਵਿਚ ਕੁਲ ੯੬ ਕ੍ਰੋੜ ਰੁਪਿਆ ਲਾਇਆ। ਪਲੈਨ ਤੋਂ ਪਹਿਲੇ ਉਨ੍ਹਾਂ ਵਲੋਂ ਸਨਅਤਾਂ ਵਿਚ ਇਸ ਨਾਲੋਂ ਦੂਣੀ ਰਕਮ ਲਾਈ ਗਈ ਸੀ। ਪਲੈਨ ਦਾ ਕੁਲ ਨਿਸ਼ਾਨਾ ੨ ਅਰਬ ੩੩ ਕਰੋੜ ਰੁਪੈ ਸੀ। ਇਹ ਗਲ ਚੇਤੇ ਰਖਣ ਜੋਗ ਹੈ ਕਿ ਇਸ ੯੬ ਕਰੋੜ ਚੋਂ ਵੀ ੨੨ ਕਰੋੜ ਤੇਲ ਸਾਫ਼ ਕਰਨ ਦੇ ਦੋ ਬਦੇਸ਼ੀ ਕਾਰਖਾਨਿਆਂ ਵਿਚ ਲਾਇਆ ਗਿਆ।

੯੬ ਕਰੋੜ ਦੀ ਇਹ ਨਿਗੂਣੀ ਜਿਹੀ ਰਕਮ ਵੀ ਸਾਰੀ ਦੀ ਸਾਰੀ ਸਰਮਾਏਦਾਰ ਦੀ ਆਪਣੀ ਨਹੀਂ ਹਿੰਦ ਸਰਕਾਰ ਨੇ ਉਹਨਾਂ ਨੂੰ ਵਡੇ ਵਡੇ ਕਰਜ਼ੇ ਦਿਤੇ ਹਨ। ਟਾਟਾ ਨੂੰ ਸੂਦ ਤੋਂ ਬਿਨਾਂ ੧੦ ਕਰੋੜ, ਇੰਡੀਅਨ ਆਇਰਨ ਨੂੰ ਬਿਨਾਂ ਸੂਦ ਅਤੇ ਵਾਪਸੀ ਦੀ ਤ੍ਰੀਕ ਮਿਥੇ ਬਿਨਾ ੧੯ ਕਰੋੜ ਦਾ ਕਰਜ਼ਾ ਦਿਤਾ ਗਿਆ। ਸ਼ਰਤ ਇਹ ਰਖੀ ਗਈ ਕਿ ਇਹ ਕੰਪਨੀ ਕਰਜ਼ਾ ਤਾਂ ਹੀ ਵਾਪਸ ਕਰੇਗੀ ਜੇ ਉਸ ਨੂੰ ਅਸਪਾਤ ਦੀ ਕੀਮਤ ਵਧਾਣ ਦੀ ਆਗਿਆ ਦਿਤੀ ਜਾਵੇ ਅਤੇ ਉਹ ਉੱਨਾ ਕਰਜ਼ਾ ਹੀ ਵਾਪਸ ਕਰੇਗੀ ਜਿੰਨੀ ਇਸ ਵਾਧੇ ਤੋਂ ਆਮਦਨ ਹੋਵੇਗੀ। ਸਰਮਾਏਦਾਰਾਂ ਜੋ ਰਕਮਾਂ ਲਾਈਆਂ ਹਨ ਉਹਨਾਂ ਦਾ ਕੁਝ ਹਿਸਾ ਇੰਡਸਟ੍ਰੀਅਲ ਫ਼ਾਨੰਨਸ ਕਾਰਪੋਰੇਸ਼ਨ ਚੋਂ ਆਇਆ ਹੈ। ਇਸ ਕਾਰਪੋਰੇਸ਼ਨ ਦੀ ਸਾਰੀ ਪੂੰਜੀ ਸਰਕਾਰੀ ਖ਼ਜ਼ਾਨੇ ਚੋਂ ਆਈ ਹੈ ਪਰ ਇਸ ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ। ਕਾਰਪੋਰੇਸ਼ਨ ਨੇ ਹੁਣ ਤਕ ੨੨ ਕਰੋੜ ਦੇ ਜੋ ਕਰਜ਼ੇ ਦਿਤੇ ਹਨ, ਉਹਨਾਂ ਚੋਂ ੧੪ ਕੰਪਨੀਆਂ ੭ ਕਰੋੜ ਲੈ ਗਈਆਂ ਹਨ।

ਸਰਕਾਰੀ ਹਿਸਾਬ ਕਿਤਾਬ ਦੀ ਪੜਤਾਲ ਕਰਨ ਵਾਲੇ ਮਹਿਕਮੇਂ ਨੇ ਇਤਰਾਜ਼ ਕੀਤਾ ਕਿ ਜਿਹੜੀਆਂ ਕੰਪਨੀਆਂ ਕਿਸੇ ਹੋਰ ਪਾਸਿਓਂ ਸਰਮਾਇਆ ਲੈ ਸਕਦੀਆਂ ਹਨ ਉਹਨਾਂ ਨੂੰ ਕਰਜ਼ੇ

ਕਿਉਂ ਦਿਤੇ ਗਏ। ਕਰਜ਼ੇ ਲੈਣ ਵਾਲਿਆਂ ਚੋਂ ਕਈਆਂ ਵਿਰੁਧ ਇਨਕਮ ਟੈਕਸ ਦੀ ਚੋਰੀ ਦੇ ਮੁਕਦਮੇਂ ਚਲ ਰਹੇ ਹਨ। ਕਈਆਂ ਨੇ ਇਹ ਕਰਜ਼ੇ ਪੁਰਾਣੇ ਕਰਜ਼ੇ ਲਾਹੁਣ ਲਈ ਲਏ। ਇਸ ਤਰ੍ਹਾਂ ਜੇ ਅਮਰੀਕੀ ਤੇ ਬਰਤਾਨਵੀਂ ਕਾਰਖ਼ਾਨਿਆਂ ਵਿਚ ਲਾਈ ਗਈ ਪੂੰਜੀ ਨ ਗਿਣੀਏ ਤਾਂ ਅਸਲ ਵਿਚ ਬਹੁਤ ਥੋੜ੍ਹੀ ਰਕਮ ਲਾਈ ਗਈ ਹੈ।

ਵਿਕਾਸ ਦਾ ਮੁਲ

ਮਨਸੂਬਾ ਬੰਦੀ ਅਤੇ ਵਿਕਾਸ ਦਾ ਕੀ ਮੁਲ ਪਿਆ ? ਕੀਮਤਾਂ ਡੇਗ ਕੇ ਕਿਸਾਨੀ ਦੀ ਖਲ ਉਧੇੜੀ ਗਈ। ਕਿਸਾਨੀ ਦੇ ਕਰਜ਼ੇ ਵਿਚ ਵਾਧਾ ਹੋਇਆ, ਉਨ੍ਹਾਂ ਨੂੰ ਇਸ ਕਰਜ਼ੇ ਤੇ ਲਕ ਤੋੜ ਸੂਦ ਦੇਣਾ ਪਿਆ। ਮਜ਼ਦੂਰਾਂ ਦੀਆਂ ਉਜਰਤਾਂ ਤੇ ਬੋਨਸ ਕਟੇ ਗਏ, ਕੰਮ ਦਾ ਭਾਰ ਵਧਾਇਆ ਗਿਆ। ਦਰਮਿਆਨੇ ਤਬਕੇ ਲਈ ਰੁਜ਼ਗਾਰ ਦੀ ਸੰਭਾਵਨਾ ਘਟ ਗਈ। ਟੈਕਸਾਂ ਦਾ ਭਾਰ ਵਧ ਗਿਆ। ਜਨਤਾ ਨੂੰ ਪਲੈਨ ਦਾ ਇਹ ਮੁਲ ਤਾਰਨਾ ਪਿਆ।

ਕੇਂਦਰੀ ਐਕਸਾਈਜ਼ ਡਿਊਟੀ, ਜਿਸ ਦਾ ਭਾਰ ਜਨਤਾ ਤੇ ਪੈਂਦਾ ਹੈ ੧੯੫੧-੫੨ ਵਿਚ ੮੫ ਕਰੋੜ ੭੫ ਲਖ ਤੋਂ ਵਧ ਕੇ ੧੯੫੪-੫੫ ਦੇ ਬਜਟ ਦੇ ਅੰਦਾਜ਼ੇ ਅਨੁਸਾਰ ਇਕ ਅਰਬ ੨੩ ਕਰੋੜ ੫੦ ਲਖ ਹੋ ਗਈ। ਜਦੋਂ ਕਿ ਆਮਦਨ ਟੈਕਸ ਤੇ ਕਾਰਪੋ-ਰੇਸ਼ਨ ਟੈਕਸ ੨੨ ਕਰੋੜ ਘਟ ਗਿਆ ਹੈ। ਸੂਬਿਆਂ ਵਿਚ ਟੈਕਸਾਂ ਦਾ ਭਾਰ ੧੯੫੧-੫੨ ਵਿਚ ੨ ਅਰਬ ੨੭ ਕਰੋੜ ੪੦ ਲਖ ਤੋਂ ਵਧ ਕੇ ੧੯੫੩-੫੪ ਵਿਚ ੨ ਅਰਬ ੪੬ ਕਰੋੜ ਦਸ ਲਖ ਹੋ ਗਿਆ।

ਪਿਛਲੇ ਸਾਲ ਹਰ ਸੂਬੇ ਵਿਚ ਨਵੇਂ ਟੈਕਸ ਲਾਏ ਗਏ, ਅਤੇ ਪਲੈਨਿੰਗ ਕਮਿਸ਼ਨ ਅਜੇ ਵੀ ਹਰ ਸੂਬੇ ਨੂੰ ਟੈਕਸ ਵਧਾਣ ਲਈ ਕਹਿ ਰਿਹਾ ਹੈ। ਹੁਣ ਟੈਕਸ ਪੜਤਾਲੀਆ ਕਮੇਟੀ ਨੇ

ਕਿਹਾ ਹੈ ਕਿ ਟੈਕਸਾਂ ਦਾ ਭਾਰ ਵਧ ਤੋਂ ਵਧ ਲੋਕਾਂ ਤੇ ਪਾਇਆ ਜਾਵੇ। ਇਨ੍ਹਾਂ ਅੰਕੜਿਆਂ ਦੀ ਪੜਤਾਲ ਵਿਚ ਕੌਮੀ ਆਮਦਨ ਦੇ ਅੰਕੜੇ ਉਕਾ ਹੀ ਭੁਲੇਖਾ ਪਾਊ ਹਨ। ਕਿਹਾ ਜਾਂਦਾ ਹੈ ਕਿ ਕੌਮੀ ਆਮਦਨ ਵਿਚ ੧੩ ਅਰਬ ਰੁਪੈ ਦਾ ਵਾਧਾ ਹੋਇਆ। ਪਰ ਅਜਿਹਾ ਕਰਨ ਲਗਿਆਂ ਕੇਵਲ ਇਹ ਵੇਖਿਆ ਜਾਂਦਾ ਕਿ ਪੈਦਾਵਾਰ ਕਿੰਨੀ ਵਧੀ, ਇਹ ਨਹੀਂ ਸੋਚਿਆ ਜਾਂਦਾ ਕਿ ੧੯੪੮ ਤੋਂ ਪਿਛੋਂ ਕੀਮਤਾਂ ਵਿਚ ਵੀ ਕੋਈ ਫ਼ਰਕ ਆਇਆ ਹੈ। ਦਿੱਲੀ ਸਕੂਲ ਆਫ਼ ਐਕਨਾਮਿਕਸ ਦੇ ਡਾਇਰੈਕਟਰ ਅਤੇ ਟੈਕਸ ਪੜਤਾਲੀਆ ਕਮੇਟੀ ਦੇ ਮੈਂਬਰ ਡਾ: ਵੀ. ਕੇ. ਆਰ. ਵੀ. ਰਾਓ ਜਿਹੇ ਲੋਕਾਂ ਵੀ ਇਹ ਕਿਹਾ ਹੈ ਕਿ ਧਨੀ ਹੋਰ ਧਨੀ ਅਤੇ ਗ਼ਰੀਬ ਹੋਰ ਗ਼ਰੀਬ ਹੋ ਗਏ ਹਨ।

ਖਰਚੇ ਦੇ ਮਾਮਲੇ ਵਿਚ ਪਲੈਨ ਦੇ ਨਿਸ਼ਾਨੇ ਵੀ ਪੂਰੇ ਨਹੀਂ ਹੋਏ। ਸਰਕਾਰੀ ਮੈਦਾਨ ਵਿਚ ਪੰਜਾਂ ਸਾਲਾਂ ਵਿਚ ੯੫ ਕਰੋੜ ਰੁਪੈ ਸਨਅਤਾਂ ਵਿਚ ਲਾਉਣ ਦੀ ਸਕੀਮ ਸੀ ਪਰ ਤਿੰਨਾਂ ਸਾਲਾਂ ਵਿਚ ਸਿਰਫ਼ ਸਾਢੇ ੨੩ ਕਰੋੜ ਰੁਪੈ ਲਾਏ ਗਏ।

ਪਹਿਲੀ ਪਲੈਨ ਵਿਚ ੧ ਅਰਬ ੯੦ ਕਰੋੜ ਦਾ ਵਾਧਾ ਕੀਤਾ ਗਿਆ ਤਾਂ ਜੁ ਇਸ ਦਾ ਟੀਚਾ ੨੨ ਅਰਬ ੪੮ ਕਰੋੜ ਰੁਪੈ ਦਾ ਹੋ ਜਾਵੇ। ਪਹਿਲੇ ਤਿੰਨਾਂ ਸਾਲਾਂ ਵਿਚ ੯੦੦ ਕਰੋੜ ਤੋਂ ਕੁਝ ਵਧ ਖਰਚਿਆ ਗਿਆ। ਚੌਥੇ ਸਾਲ ਲਈ ਬਜਟਾਂ ਵਿਚ ੫ ਅਰਬ ੪੧ ਕਰੋੜ ਦੀ ਰਕਮ ਰਖੀ ਗਈ ਪੁਰਾਣੇ ਕੰਮ ਨੂੰ ਸਾਹਮਣੇ ਰਖਿਆ ਜਾਵੇ ਤਾਂ ਇਹ ਰਕਮ ਖ਼ਰਚ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ। ਵਜ਼ੀਰ ਖ਼ਜ਼ਾਨਾ ਨੇ ਵੀ ਕਿਹਾ ਹੈ ਕਿ ਪਲੈਨ ਦੇ ਸਮੇਂ ਵਿਚ ਖ਼ਰਚਾ ਅੰਦਾਜ਼ੇ ਨਾਲੋਂ ੩ ਅਰਬ ਘਟ ਹੋਵੇਗਾ।

ਅੰਨ੍ਹੇ ਵਾਹ ਟੈਕਸ ਲਾ ਕੇ ਵੀ ਬਜਟਾਂ ਦੇ ਅੰਦਾਜ਼ੇ ਪੂਰੇ ਨਹੀਂ ਹੋਏ। ਪਲੈਨ ਅਨੁਸਾਰ ੨ ਅਰਬ ੩੨ ਕਰੋੜ ਦੇ ਟੈਕਸ

ਲਾਏ ਜਾਂਦੇ ਸਨ ਪਰ ਸੂਬਕ ਸਰਕਾਰਾਂ ਵਿਚ ਇੰਨੀ ਹਿੰਮਤ ਨਹੀਂ ਸੀ। ਇਸ ਲਈ ਜਨਤਾ ਤੋਂ ਡਰਦੇ ਹੋਏ ਉਨ੍ਹਾਂ ਨੇ ਤਿੰਨਾਂ ਸਾਲਾਂ ਵਿਚ ਕੇਵਲ ੨੯ ਕਰੋੜ ਦੇ ਟੈਕਸ ਲਾਏ।

ਸਰਕਾਰ ਅਜਾਰੇਦਾਰਾਂ ਨੂੰ ਹਥ ਨਹੀਂ ਲਾਉਂਦੀ। ਉਹ ਦੋਵੀਂ ਹਥੀਂ ਲੁਟੀ ਜਾਂਦੇ ਹਨ ਤੇ ਅਪਣੀ ਲੁਟ ਲੁਕਾਈ ਜਾਂਦੇ ਹਨ। ਸਰਕਾਰੀ ਕਾਰਖਾਨਿਆਂ ਆਦਿ ਚੋਂ ਕੇਵਲ ਰੇਲਾਂ ਤੇ ਹੀ ਪਲੈਨ ਦੇ ਖਰਚੇ ਵਿਚ ਕੁਝ ਹਿਸਾ ਪਾਇਆ। ਇਨ੍ਹਾਂ ਸਾਰੀਆਂ ਗਲਾਂ ਦਾ ਸਿਟਾ ਇਹ ਨਿਕਲਿਆ ਕਿ ਛੇ ਅਰਬ ਰੁਪੈ ਦੇ ਨਵੇਂ ਨੋਟ ਛਾਪਣੇ ਪਏ।

ਬਦੇਸ਼ੀ ਸਹਾਇਤਾ

ਪਹਿਲੇ ਤਿੰਨਾਂ ਸਾਲਾਂ ਵਿਚ ਇਕ ਅਰਬ ੩੧ ਕਰੋੜ ਦੀ ਬਦੇਸ਼ੀ ਸਹਾਇਤਾ ਵਰਤੀ ਗਈ ਹੈ। ਇਸ ਚੋਂ ੯੦ ਕਰੋੜ ਦੇ ਕਣਕ ਦੇ ਕਰਜ਼ੇ ਸਮੇਤ ਇਕ ਅਰਬ ੧੦ ਕਰੋੜ ਅਮ੍ਰੀਕਾ ਤੋਂ ਆਇਆ। ਇਸ ਸਾਲ ਸਰਕਾਰ ਨੂੰ ਅਮ੍ਰੀਕਾ ਤੇ ਕੋਲੰਬੋ ਪਲੈਨ ਦੇ ਮੈਂਬਰਾਂ ਤੋਂ ੭੫ ਕਰੋੜ ਮਿਲਣ ਦੀ ਆਸ ਹੈ।

ਧਿਆਨ ਯੋਗ ਗਲ ਇਹ ਹੈ ਕਿ ਇਸ ਕਰਜ਼ੇ ਨਾਲ ਸਨਅਤਾਂ ਲਈ ਮਸ਼ੀਨਾਂ ਨਹੀਂ ਖ਼ਰੀਦੀਆਂ ਗਈਆਂ। ਸਗੋਂ ਸਾਰੀ ਰਕਮ ਕਣਕ ਖ਼ਰੀਦਣ ਲਈ, ਕਮਿਊਨਿਟੀ ਪ੍ਰਾਜੈਕਟਾਂ ਲਈ, ਬਿਜਲੀ ਘਰਾਂ ਲਈ ਮਸ਼ੀਨਰੀ ਮੁਲ ਲੈਣ ਲਈ, ਤੇ ਰੇਲ ਦੇ ਇੰਜਣ ਖ਼ਰੀਦਣ ਆਦਿ ਲਈ ਖਰਚੀ ਗਈ।

ਸੰਸਾਰ ਬੈਂਕ ਨੇ ਰੇਲ ਦੇ ਇੰਜਣ ਬਨਾਣ ਦੇ ਕਾਰਖਾਨੇ ਲਈ ਕਰਜ਼ਾ ਦੇਣੋਂ ਨਾਂਹ ਕਰ ਦਿਤੀ, ਪਰ ਇੰਜਣ ਖ਼ਰੀਦਣ ਲਈ ਕਰਜ਼ਾ ਦੇ ਦਿਤਾ, ਪਰ ਸ਼ਰਤ ਲਾ ਦਿਤੀ ਕਿ ਤਿੰਨ ਚੁਥਾਈ ਰਕਮ ਦੇ ਅਮ੍ਰੀਕੀ ਇੰਜਣ ਲਏ ਜਾਣ ਜੋ ਬਾਕੀ ਦੇਸ਼ਾਂ ਦੇ ਇੰਜਣਾਂ ਨਾਲੋਂ ਦੂਣੇ ਮੁਲ ਦੇ ਹਨ। ੧੯੪੯ ਵਿਚ

ਹਿੰਦ ਦਾ ਮਿਸ਼ਨ ਅਮ੍ਰੀਕਾ ਤੇ ਬਰਤਾਨੀਆਂ ਗਿਆ ਤਾਂ ਜੋ ਅਸਪਾਤ ਦੇ ਕਾਰਖ਼ਾਨੇ ਲਈ ਮਸ਼ੀਨਰੀ ਖ਼ਰੀਦੇ ਪਰ ਉਸ ਨੂੰ ਮਸ਼ੀਨਾਂ ਦੇਣੋਂ ਨਾਂਹ ਕਰ ਦਿਤੀ ਗਈ। ਅੱਨ ਦੀ ਉਪਜ ਵਧਣ ਨਾਲ ਬਦੇਸ਼ੀ ਵਪਾਰ ਵਿਚ ਜੋ ਬਚਤ ਹੋਈ ਹੈ ਉਹ ਵੀ ਮਸ਼ੀਨਾਂ ਮੰਗਵਾਣ ਲਈ ਨਹੀਂ ਵਰਤੀ ਗਈ।

ਅਮ੍ਰੀਕਾ ਨੇ ਕਰਜ਼ਿਆਂ ਤੇ ਮਦਦ ਰਾਹੀਂ ਹਿੰਦ ਦੇ ਪਛੜੇਵੇਂ ਨੂੰ ਸਦੀਵੀ ਬਨਾਣ ਤੇ ਸਾਡੇ ਦੇਸ਼ ਤੇ ਆਪਣੇ ਪੰਜੇ ਪੱਕੇ ਪਾਣ ਲਈ ਨਾਜਾਇਜ਼ ਦਬਾਅ ਪਾਇਆ। ਜੇ ਅਮ੍ਰੀਕਾ ਦਬਾਅ ਦੇ ਬਾਵਜੂਦ ਹਿੰਦ ਨੂੰ ਆਪਣੇ ਜੰਗੀ ਮਨਸੂਬਿਆਂ ਵਿਚ ਨਹੀਂ ਖਿਚ ਸਕਿਆ ਤਾਂ ਉਸ ਦਾ ਕਾਰਨ ਜਮਹੂਰੀ ਲਹਿਰ ਦੀ ਤਕੜਾਈ ਅਤੇ ਸਾਡੀ ਮਹਾਨ ਜਨਤਾ ਵਿਚ ਸਾਮਰਾਜ ਵਿਰੋਧੀ ਦੇਸ਼ ਭਗਤ ਜੋਸ਼ ਹੈ।

ਭਾਵੇਂ ਵਡੇ ਸਰਮਾਏਦਾਰ ਹੋਰ ਬਦੇਸ਼ੀ ਮਦਦ ਲੈਣ ਦੇ ਹਕ ਵਿਚ ਖਪ ਪਾ ਰਹੇ ਹਨ, ਪਰ ਅਜਿਹੀ ਮਦਦ ਦੇ ਖਤਰੇ ਉਭਰ ਕੇ ਸਾਹਮਣੇ ਆ ਗਏ ਹਨ ਅਤੇ ਰਾਜਾ ਜੀ ਵਰਗੇ ਲੋਕਾਂ ਨੇ ਇਸ ਦੀ ਵਿਰੋਧਤਾ ਕੀਤੀ ਹੈ।

ਇਸ ਦਾ ਮੁਕਾਬਲਾ ਰੂਸ ਵਲੋਂ ਮਿਲੀ ਦੋਸਤਾਨਾ ਮਦਦ ਨਾਲ ਕਰੋ! ਜਦੋਂ ਹਿੰਦ ਨੇ ਅਸਪਾਤ ਦਾ ਕਾਰਖਾਨਾ ਉਸਾਰਨ ਵਿਚ ਮਦਦ ਮੰਗੀ ਰੂਸ ਨੇ ਹਾਂ ਕਰ ਦਿਤੀ। ਅਸਪਾਤ ਦੇ ਕਾਰਖ਼ਾਨੇ ਵਿਚ ਰੂਸ ਦਾ ਕੋਈ ਹਿਸਾ ਨਹੀਂ ਹੋਵੇਗਾ। ਉਸ ਨੂੰ ਪ੍ਰਬੰਧ ਵਿਚ ਕੋਈ ਹਥ ਨਹੀਂ ਹੋਵੇਗਾ ਉਸ ਨੂੰ ਤਾਂ ਕੇਵਲ ਬਹੁਤ ਘਟ ਸੂਦ ਮਿਲੇਗਾ। ਹਿੰਦ ਭਰ ਵਿਚ ਇਸ ਨੂੰ ਨਿਰਲੋਭ ਮਦਦ ਦੀ ਮਿਸਾਲ ਮੰਨਿਆ ਗਿਆ।

ਲੋਕ ਵਿਰੋਧੀ ਪਾਲੀਸੀਆਂ ਅਤੇ ਜਨਤਕ ਵਿਰੋਧਤਾ

ਕੁਦਰਤੀ ਤੌਰ ਤੇ ਸਰਕਾਰ ਦੀਆਂ ਇਹਨਾਂ ਪਾਲੀਸੀਆਂ ਦੀ ਜਨਤਾ ਦੇ ਵਖ ਵਖ ਹਿਸਿਆਂ ਵਲੋਂ ਵਿਰੋਧਤਾ ਹੋ ਰਹੀ ਹੈ। ਸਾਰੇ ਦੇਸ਼ ਵਿਚ ਰੇਸ਼ਨੇਲਾਈਜੇਸ਼ਨ ਵਿਰੁਧ ਜਦੋਜਹਿਦ ਲੜੀ ਗਈ, ਕਾਨਪੁਰ ਦੀ ਜਦੋਜਹਿਦ ਮਜ਼ਦੂਰ ਤਬਕੇ ਦੀ ਏਕਤਾ ਦੀ ਸਪਿਰਟ ਅਤੇ ਰੇਸ਼ਨੇਲਾਈਜੇਸ਼ਨ ਤੇ ਮਜ਼ਦੂਰਾਂ ਤੇ ਹੋਏ ਹਮਲਿਆਂ ਦੇ ਜਵਾਬ ਦੀ ਝਲਕ ਹੈ। ਹੁਣ ਦੀਆਂ ਇਨ੍ਹਾਂ ਜਦੋਜਹਿਦਾਂ ਵਿਚ ਇੰਟਕ (Intuc) ਦੇ ਹਾਮੀ ਵੀ ਆ ਗਏ ਹਨ। ਮਜ਼ਦੂਰਾਂ ਦੀ ਵਿਰੋਧਤਾ ਨੇ ਅਹਿਮਦਾਬਾਦ ਅਤੇ ਬੰਬਈ ਦੇ ਮਿਲ ਮਾਲਕਾਂ ਨੂੰ ਰੇਸ਼ਨੇਲਾਈਜ਼ੇਨ ਧੀਮੀ ਕਰਨ ਜਾਂ ਉਕਾ ਛਡ ਦੇਣ ਤੇ ਮਜਬੂਰ ਕੀਤਾ ਹੈ।

ਕਈ ਮਿਲਾਂ ਵਿਚ ਮਜ਼ਦੂਰਾਂ ਦੀ ਜੱਦੋਜਹਿਦ ਨੇ ਮਿਲ ਮਾਲਕਾਂ ਨੂੰ ਬੋਨਸ ਦੇਣ ਤੇ ਮਜਬੂਰ ਕੀਤਾ ਹੈ ਤੇ ਉਹਨਾਂ ਦੀਆਂ ਚਾਲਾਂ ਅਸਫਲ ਬਣਾਈਆਂ ਹਨ।

ਬੈਂਕ ਮਜ਼ਦੂਰਾਂ ਦੇ ਕੇਸ ਨੇ ਇਕ ਵਾਰ ਫਿਰ ਸਰਕਾਰ ਦੇ ਬੁਨਿਆਦੀ ਖਾਤੇ ਨੂੰ ਨੰਗਾ ਕਰ ਦਿਤਾ। ਬੈਂਕ ਮੁਲਾਜ਼ਮਾਂ ਦੀ ਏਕਤਾ, ਹਿੰਦ ਭਰ ਦੀ ਮਜ਼ਦੂਰ ਲਹਿਰ ਵਲੋਂ ਉਹਨਾਂ ਦੀ ਹਿਮੈਤ, ਕਾਂਗਰਸ ਦੇ ਅੰਦਰ ਉਹਨਾਂ ਦੀ ਹਮੈਤ ਤੇ ਲੇਬਰ ਮਨਿਸਟਰ ਸ਼੍ਰੀ ਗਿਰੀ ਦੇ ਅਸਤੀਫੇ ਨੇ ਸਰਕਾਰ ਨੂੰ ਨਵੇਂ ਸਿਰਿਓਂ ਪੜਤਾਲ ਕਰਵਾਣ ਤੇ ਮਜਬੂਰ ਕਰ ਦਿਤਾ।

ਬੇਦਖਲੀਆਂ ਵਿਰੁਧ ਕਿਸਾਨਾਂ ਦੀ ਜਦੋਜਹਿਦ ਕਾਰਨ ਕਈ ਸੂਬਿਆਂ ਵਿਚ ਸਰਕਾਰਾਂ ਬੇਦਖਲੀਆਂ ਰੋਕਣ ਦੇ ਕਾਨੂੰਨ ਬਨਾਣ ਤੇ ਮਜਬੂਰ ਹੋਈਆਂ ਹਨ। ਆਬੀਆਨੇ ਆਦਿ ਵਿਰੁਧ ਕਈ ਥਾਂ ਜਦੋਜਹਿਦ ਹੋਈ ਹੈ। ਇਸ ਲਈ ਕਈ ਸਰਕਾਰਾਂ

ਨੂੰ ਹਿੰਮਤ ਨਾ ਹੋਈ ਕਿ ਉਹ ਆਬਿਆਨੇ ਵਿਚ ਉਤਨਾ ਵਾਧਾ ਕਰੇ ਜਿਤਨਾ ਪਲੈਨਿੰਗ ਕਮਿਸ਼ਨ ਨੇ ਕਿਹਾ ਸੀ। ਕਈ ਥਾਂ ਤਾਂ ਵਧਾਇਆ ਹੋਇਆ ਆਬੀਆਨਾ ਘਟ ਕਰਨਾ ਪਿਆ, ਜਿਵੇਂ ਕਿ ਯੂ. ਪੀ. ਵਿਚ। ਇਸ ਦਾ ਮੁਕਾਬਲਾ ਕਰਨ ਲਈ ਸਰਕਾਰ ਸ਼ਹਿਰੀ ਆਜ਼ਾਦੀਆਂ ਤੇ ਛਾਪੇ ਮਾਰ ਰਹੀ ਹੈ। ਜਿਥੇ ਜਦੋਜਹਿਦ ਹੁੰਦੀ ਹੈ, ਸਰਕਾਰ ਕਿਸਾਨਾਂ ਨੂੰ ਭਾਰੀ ਗਿਣਤੀ ਵਿਚ ਫੜ ਲੈਂਦੀ ਹੈ।

ਕਾਨਪੁਰ ਵਿਚ ਹੜਤਾਲ ਤੋਂ ਦੋ ਦਿਨ ਪਹਿਲਾਂ ਸੂਤੀ ਮਿਲ ਮਜ਼ਦੂਰ ਸਭਾ ਦੇ ੨੦੦ ਅਹੁਦੇਦਾਰਾਂ ਤੇ ਕਾਰਕੁਨਾਂ ਦੀ ਗ੍ਰਿਫਤਾਰੀ, ਸ਼ਹਿਰ ਦਾ ਘੇਰਾ ਪਾ ਲੈਣਾ, ਮਜ਼ਦੂਰ ਬਸਤੀਆਂ ਵਿਚ ਪੁਲਸ ਦੀ ਸਖ਼ਤੀ, ਇਹ ਸਭ ਸਰਕਾਰ ਦੀ ਜਬਰ ਕਰਨ ਦੀ ਪਾਲਿਸੀ ਦੀਆਂ ਨਿਸ਼ਾਨੀਆਂ ਹਨ। ਸਨਅਤੀ ਇਲਾਕਿਆਂ ਵਿਚ ਦਫ਼ਾ ੧੪੪ ਹੇਠ ਜਲਸੇ ਜਲੂਸਾਂ ਦੀ ਮਨਾਹੀ ਦੇ ਹੁਕਮ ਆਮ ਹਨ। ਸਰਕਾਰੀ ਸੰਸਥਾਵਾਂ ਵਿਚ ਟ੍ਰੇਡ ਯੂਨੀਅਨ ਹੱਕਾਂ, ਤੇ ਛਾਪੇ ਮਾਰੇ ਜਾ ਰਹੇ ਹਨ। ਮਜ਼ਦੂਰ ਸਭਾਵਾਂ ਦੇ ਕਾਰਕੁਨਾਂ ਨੂੰ ਡਿਸਮਿਸ ਕਰਨ ਜਾਂ ਤੰਗ ਕਰਨ ਲਈ ਨੈਸ਼ਨਲ ਸਿਕਿਓਰਟੀ ਰੂਲਜ਼ ਦੀ ਖੁਲ੍ਹੀ ਵਰਤੋਂ ਕੀਤੀ ਜਾ ਰਹੀ ਹੈ। ਹੀਰਾ ਕੁਡ ਪ੍ਰਾਜੈਕਟ ਅਤੇ ਚਿਤਰੰਜਨ ਦਾ ਇੰਜਨਾਂ ਦਾ ਕਾਰਖਾਨਾ ਸੇਫਟੀ ਜ਼ੋਨ ਬਣਾ ਦਿਤੇ ਗਏ ਹਨ ਅਤੇ ਮਜ਼ਦੂਰਾਂ ਨੂੰ ਆਪਣੀ ਮਰਜ਼ੀ ਦੀਆਂ ਮਜ਼ਦੂਰ ਸਭਾਵਾਂ ਬਨਾਣ ਦੀ ਵੀ ਆਗਿਆ ਨਹੀਂ।

ਜਬਰ ਦੇ ਨਾਲ ਹੀ ਨਾਲ ਸਰਕਾਰ ਤੇ ਹਾਕਮ ਤਬਕੇ ਇਨਟਕ (Intuc) ਦੀ ਪਿਠ ਠੋਕ ਕੇ ਮਜ਼ਦੂਰ ਲਹਿਰ ਵਿਚ ਫੁਟ ਪਾਣ ਦੀ ਕੋਸ਼ਸ਼ ਕਰ ਰਹੇ ਹਨ।

ਪਹਿਲੀ ਪੰਜ ਸਾਲਾ ਪਲੈਨ ਦੇ ਤਜਰਬੇ ਕੁਝ ਅਜਿਹੇ ਹਨ।

ਕੇਂਦਰੀ ਕਮੇਟੀ ਦੇ ਜੂਨ ੧੯੫੫ ਦੇ ਮਤੇ ਸਫਾ ੧੫-੧੬ (ਪੰਜਾਬੀ) ਵਿਚ ਕਿਹਾ ਹੈ ਕਿ ਸਰਕਾਰ ਦੇ ਲੀਡਰ ਪਲਾਨਾ ਤੇ ਸਕੀਮਾਂ ਦੀਆਂ ਕਾਮਯਾਬੀਆਂ ਨੂੰ ਉਛਾਲਦੇ ਨਹੀਂ ਥਕਦੇ। ਪਰ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹਨਾਂ 'ਕਾਮਯਾਬੀਆਂ' ਨੇ ਲੋਕਾਂ ਦੀ ਤਸੱਲੀ ਨਹੀਂ ਕੀਤੀ। ਉਹਨਾਂ ਨੂੰ ਆਸ ਸੀ ਕਿ ਸਰਮਾਏਦਾਰੀ ਦੀ ਤੇਜ਼ ਤਰੱਕੀ ਨੂੰ ਮੁਮਕਨ ਬਣੌਣ ਲਈ ਸਾਮਰਾਜੀ ਸਰਮਾਇਆ ਦੇਣਗੇ ਪਰ ਉਹਨਾਂ ਨੂੰ ਸਖਤ ਨਿਰਾਸਤਾ ਹੋਈ। ਸਗੋਂ ਹੁਣ ਹਿੰਦੁਸਤਾਨੀ ਸਰਮਾਏਦਾਰਾਂ ਨੂੰ ਸਾਮਰਾਜੀਆਂ ਵਲੋਂ ਦੇਸ਼ ਦੇ ਅੰਦਰ ਤੇ ਬਾਹਰ ਦੀ ਮੰਡੀ ਵਿਚ ਸਖਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀ ਬਾੜੀ ਵਿਚ ਜਗੀਰਦਾਰੀ ਰਹਿੰਦ-ਖੂੰਹਦ ਅੰਦਰ ਦੀ ਮੰਡੀ ਦੇ ਫੈਲਾਓ ਨੂੰ ਰੋਕ ਰਹੀ ਹੈ। ਹਕੀਕਤ ਵਿਚ ਇਕ ਪਾਸੇ ਸਾਮਰਾਜ ਤੇ ਜਗੀਰਦਾਰੀ ਤੇ ਦੂਜੇ ਪਾਸੇ ਹਿੰਦੁਸਤਾਨੀ ਆਰਥਕਤਾ ਵਿਚਾਲੇ ਵਿਰੋਧ ਦਿਨ ਬਦਿਨ ਤੇਜ਼ ਹੁੰਦਾ ਜਾ ਰਿਹਾ ਹੈ।

ਇਹਨਾਂ ਹਕੀਕਤਾਂ ਦਾ ਸਾਹਮਣਾ ਹੋਣ ਕਰਕੇ ਤੇ ਸਰਮਾਏਦਾਰੀ ਤਰੱਕੀ ਦੀ ਇਛਿਆ ਦੇ ਕਾਰਨ ਹਿੰਦੁਸਤਾਨ ਦੀ ਹਾਕਮ ਜਮਾਤ ਆਪਣੇ ਰਵਈਏ ਅਤੇ ਪਹੁੰਚ ਵਿਚ ਤਬਦੀਲੀ ਲਿਆ ਰਹੀ ਹੈ। ਮਿਸਾਲ ਲਈ, ਸੋਵੀਅਟ ਯੂਨੀਅਨ ਨਾਲ ਫੁਲਾਦ ਦੇ ਕਾਰਖਾਨੇ ਦਾ ਮੁਆਹਿਦਾ ਸਰਕਾਰ ਦੀ ਪਹਿਲੀ ਅੰਗਰੇਜ਼ ਤੇ ਅਮਰੀਕਨ ਸਾਮਰਾਜੀਆਂ ਉਤੇ ਭਾਰੀ ਮਸ਼ੀਨਰੀ ਤੇ ਮਸ਼ੀਨੀ ਜਾਚ ਲਈ ਬਿਲਕੁਲ ਨਿਰਭਰ ਕਰਨ ਦੀ ਪਾਲਸੀ, ਨੂੰ ਛੱਡਣ ਵੱਲ ਇਕ ਅਹਿਮ ਕਦਮ ਹੈ।

ਇੰਡੀਅਨ ਚੇਮਬਰ ਆਫ ਕਾਮਰਸ ਤੇ ਇੰਡਸਟ੍ਰੀਸ ਦੀ ਫੈਡਰੇਸ਼ਨ (ਵਪਾਰੀਆਂ ਤੇ ਕਾਰਖਾਨੇਦਾਰਾਂ ਦੀ ਸਭਾ) ਨੇ ਦੂਜੇ ਪੰਜ ਸਾਲਾ ਪਲਾਨ ਉਤੇ ਆਪਣੇ ਨੋਟ ਵਿਚ ਬੁਨਿਆਦੀ

ਸਨਅਤਾਂ ਦੀ ਤਰੱਕੀ ਦੀ ਲੋੜ ਉਤੇ ਜ਼ੋਰ ਦਿੰਦੇ ਹੋਏ ਕਿਹਾ ਹੈ ਕਿ "ਸਾਡੀ ਆਰਥਕਤਾ ਦੇ ਬੁਨਿਆਦੀ ਢਾਂਚੇ ਨੂੰ ਬਦਲ ਦੇਣਾ ਚਾਹੀਦਾ ਹੈ"।

ਪ੍ਰਾਈਮ ਮਿਨਿਸਟਰ ਨਹਿਰੂ ਨੇ ਮੰਨਿਆ ਹੈ ਕਿ ਪਹਿਲੇ ਪੰਜ ਸਾਲਾ ਪਲੈਨ ਨੂੰ ਘੜਨ ਵਿਚ ਸਰਮਾਏ ਨੂੰ ਸਾਹਮਣੇ ਰਖਿਆ ਗਿਆ ਸੀ ਪਰ ਹੁਣ ਪਲੈਨ ਵਲ ਇਹ ਪਹੁੰਚ ਹੋਣੀ ਚਾਹੀਦੀ ਹੈ ਕਿ ਸਾਰੀਆਂ ਸ਼ਕਤੀਆਂ ਨੂੰ ਕਿਵੇਂ ਵਰਤਿਆ ਜਾਵੇ ਆਦਿ—ਇਹ ਗਲਾਂ ਪਹਿਲੇ ਪੰਜ ਸਾਲਾ ਪਲੈਨ ਦੇ ਤਜਰਬਿਆਂ ਨੂੰ ਜ਼ਾਹਰ ਕਰਦੀਆਂ ਹਨ। ਇਹ ਗਲਾਂ, ਦੂਜੇ ਪੰਜ ਸਾਲਾ ਪਲੈਨ ਵਿਚ—ਜਿਸ ਨੂੰ ਕਿ 'ਪਲੈਨ ਦਾ ਢਾਂਚਾ' ਵੀ ਕਿਹਾ ਜਾਂਦਾ ਹੈ— ਜੋ ਫਾਈਨਾਨਸ ਮਿਨਿਸਟਰੀ ਦੇ ਆਰਥਕ ਡਵੀਜ਼ਨ ਤੇ ਪਲਾਨਿੰਗ ਕਮਿਸ਼ਨ ਦੇ ਆਰਥਕ ਡਵੀਜ਼ਨ (ਮਹਿਕਮਾ) ਨੇ ਹਿੰਦੁਸਤਾਨ ਦੇ ਅੰਕੜੇ ਇਕੱਠੇ ਕਰਨ ਵਾਲੇ (ਸਟਾਟਿਸਟੀਕਲ) ਮਹਿਕਮੇਂ ਦੇ ਸਲਾਹ-ਮਸ਼ਵਰੇ ਨਾਲ ਤਿਆਰ ਕੀਤਾ ਗਿਆ ਹੈ—ਦੇ ਚੌਖਟੇ ਤੋਂ ਵਧੇਰੇ ਚੰਗੀ ਤਰ੍ਹਾਂ ਪ੍ਰਸਿਧ ਹੁੰਦੀਆਂ ਹਨ। ਪਲੈਨ ਦਾ ਢਾਂਚਾ ਸਾਡੇ ਆਰਥਕ ਜੀਵਨ ਦੀਆਂ ਉਘੀਆਂ ਹਕੀਕਤਾਂ ਨੂੰ ਜੁਜ਼ਵੀ ਤੌਰ ਤੇ ਜ਼ਾਹਰ ਕਰਦਾ ਹੈ ਅਤੇ ਸਾਡੀਆਂ ਹਾਕਮ ਜਮਾਤਾਂ ਵਲੋਂ ਸਾਡੇ ਅਰਥਚਾਰੇ ਨੂੰ ਆਜ਼ਾਦੀ ਨਾਲ ਤਰੱਕੀ ਦੇਣ ਦੀਆਂ ਰੀਝਾਂ ਤੇ ਖਾਹਸ਼ਾਂ ਨੂੰ ਵੀ ਦਸਦਾ ਹੈ।

ਬੁਨਿਆਦੀ ਤੇ ਵਡੀਆਂ ਸਨਅਤਾਂ, ਖਾਸ ਕਰਕੇ ਮਸ਼ੀਨਾਂ ਬਣੌਣ ਵਾਲੀਆਂ ਸਨਅਤਾਂ ਨੂੰ ਤਰੱਕੀ ਦੇਣ ਉਤੇ ਜ਼ੋਰ ਦਿਤਾ ਗਿਆ ਹੈ। ਇਸ ਪਲੈਨ-ਚੌਖਟੇ ਵਿਚ ਕਿਹਾ ਹੈ "ਬੁਨਿਆਦੀ ਸਨਅਤਾਂ ਨੂੰ ਤਰੱਕੀ ਦੇ ਕੇ ਹੀ ਇਕ ਮਜ਼ਬੂਤ ਬੁਨਿਆਦ ਰਖੀ ਜਾ ਸਕਦੀ ਹੈ ਅਤੇ ਦੇਸ਼ ਨੂੰ ਅਤ-ਜ਼ਰੂਰੀ ਲੋੜੀਂਦੇ ਕਾਰਖਾਨੇ ਤੇ ਮਸ਼ੀਨਰੀ ਦੀ ਦਰ-ਆਮਦ ਤੋਂ ਵਧ ਤੋਂ ਵਧ ਆਜ਼ਾਦ

ਕਰਾਇਆ ਜਾ ਸਕਦਾ ਹੈ।''

ਏਸੇ ਪਹੁੰਚ ਦੇ ਮੁਤਾਬਕ, ੫੬੦੦ ਕਰੋੜ ਰੁਪੈ ਦੇ ਲਾਏ ਜਾ ਰਹੇ ਕੁਲ ਸਰਮਾਏ ਵਿਚੋਂ ੧੪੦੦ ਕਰੋੜ ਜਾਂ ੨੫ ਫੀ ਸਦੀ ਸਨਅਤਾਂ ਲਈ ਦਿਤਾ ਜਾ ਰਿਹਾ ਹੈ। ਸਨਅਤਾਂ ਲਈ ਇਸ ਰਕਮ ਵਿਚੋਂ ੩੦.੪ ਫੀ ਸਦੀ ਲੋਹੇ ਤੇ ਫੁਲਾਦ ਲਈ ਤੇ ੧੩.੯੯ ਫੀ ਸਦੀ ਭਾਰੀ ਮਸ਼ੀਨਰੀ ਤੇ ਭਾਰੀ ਬਿਜਲੀ ਦੇ ਕਾਰਖਾਨਿਆਂ ਲਈ ਵਰਤਿਆ ਜਾਏਗਾ। ਦੂਜੇ ਪੰਜ ਸਾਲਾ ਪਲੈਨ ਦੇ ਖਾਤਮੇ ਤਕ, ਤਿੰਨ ਨਵੇਂ ਫੁਲਾਦ ਦੇ ਕਾਰਖਾਨੇ ਲਗਣ ਨਾਲ ਫੁਲਾਦ ਦੀ ਪੈਦਾਵਾਰ ੧੦ ਲਖ ਟਨ (੨੮ ਮਣ ਦਾ ਇਕ ਟਨ) ਤੋਂ ੪੫ ਲਖ ਟਨ ਹੋ ਜਾਏਗੀ।

ਇਹ ਵੀ ਤਜਵੀਜ਼ ਹੈ ਕਿ ਵਡੀਆਂ ਸਨਅਤਾਂ ਨੂੰ ਤਰੱਕੀ ਦੇਣ ਦੀ ਵਧੇਰੇ ਕੋਸ਼ਿਸ਼ ਪਬਲਿਕ ਖੇਤਰ ਵਿਚ ਹੋਵੇਗੀ, ਸਨਅਤਾਂ ਲਈ ਕਢੇ ਗਏ ਕੁਲ ੧੪੦੦ ਕਰੋੜ ਰੁਪੈ ਵਿਚੋਂ ੧੦੦੦ ਕਰੋੜ ਰੁਪੈ ਪਬਲਿਕ ਖੇਤਰ ਵਿਚ ਸਨਅਤ ਉਸਾਰਨ ਲਈ ਨੀਯਤ ਕੀਤੇ ਗਏ ਹਨ। ਇਸ ਤਰ੍ਹਾਂ ਜ਼ਾਤੀ ਖੇਤਰ ਨਾਲੋਂ ਪਬਲਿਕ ਖੇਤਰ ਤੇਜ਼ੀ ਨਾਲ ਉਣਤੀ ਕਰੇਗਾ। ਆਮ ਖਪਤ ਦੀਆਂ ਚੀਜ਼ਾਂ ਦੀ ਲੋੜ ਨੂੰ ਪੂਰਿਆਂ ਕਰਨ ਲਈ, ਮਜੂਦਾ ਚਾਲੂ ਕਾਰਖਾਨਿਆਂ ਦੀ ਪੈਦਾਵਾਰ-ਸ਼ਕਤੀ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਏਗਾ ਅਤੇ ਘਰੇਲੂ ਤੇ ਛੋਟੀਆਂ ਸਨਅਤਾਂ ਦੀ ਰਾਖੀ ਤੇ ਹੌਸਲਾ ਅਫਜ਼ਾਈ ਕੀਤੀ ਜਾਏਗੀ। ਅਜਿਹਾ ਕਰਨਾ ਇਸ ਲਈ ਜ਼ਰੂਰੀ ਸਮਝਿਆ ਜਾ ਰਿਹਾ ਹੈ ਤਾ ਕਿ "ਬੁਨਿਆਦੀ ਸਨਅਤਾਂ" ਲਈ ਮਾਇਕ ਜ਼ਰੀਏ ਦੀ ਥੁੜ ਨੂੰ ਦੂਰ ਕੀਤਾ ਜਾ ਸਕੇ। ਪਲੈਨ ਦਾ ਚੌਖਟਾ ਖੇਤੀ ਬਾੜੀ ਤੋਂ ਬਾਹਰ ਪਰ ਹਰ ਤਰ੍ਹਾਂ ਦੇ ਦੂਜੇ ਲਾਭਦਾਇਕ ਕਾਰੋਬਾਰਾਂ ਵਿਚ, ੧੨੦ ਲਖ ਨਵੇਂ ਕੰਮ ਪੈਦਾ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ।

ਪਲੈਨ ਦੇ ਚੌਖਟੇ ਨੂੰ ਘੜਨ ਵਾਲੇ ਆਸ ਰਖਦੇ ਹਨ ਕਿ ਇਸ ਪਲਾਨ ਦੇ ਦੌਰ ਵਿਚ ਹਰ ਸਾਲ ਕੌਮੀ ਆਮਦਨੀ ਵਿਚ ਘਟੋ-ਘੱਟ ਪੰਜ ਫ਼ੀ ਦਾ ਵਾਧਾ ਹੋਵੇਗਾ।

ਇਹ ਪਲਾਨ-ਚੌਖਟਾ ਇਸ ਗੱਲ ਦੀ ਸਫ਼ਾਰਸ਼ ਕਰਦਾ ਹੈ ਕਿ ਇਸ ਤਬਦੀਲੀ ਦਾ ਇਕ ਅਹਿਮ ਅੰਗ ਜ਼ਮੀਨ ਦੀ ਮਾਲਕੀ ਦੀ ਹੱਦ ਮੁਕੱਰਰ ਕਰਨਾ ਤੇ ਅਸਲ ਹਲ-ਵਾਹਕਾਂ ਨੂੰ ਮਾਲਕੀ ਦੇ ਹੱਕ ਦੇਣਾ, ਹੋਣਾ ਚਾਹੀਦਾ ਹੈ।

ਦੂਜੇ ਪੰਜ ਸਾਲਾ ਪਲਾਨ ਦੇ ਸਾਰੇ ਦੌਰ ਵਿਚ ਸਰਕਾਰ ਵਲੋਂ ਲਾਏ ਜਾਣ ਵਾਲੇ ਸਰਮਾਏ ਬਾਰੇ ਹੇਠ ਲਿਖੀਆਂ ਤਜਵੀਜ਼ਾਂ ਹਨ :-

ਸਰਕਾਰ ਵਲੋਂ ਲਾਏ ਜਾਣ ਵਾਲੇ ਕੁਲ ੮,੮੦੦ ਕਰੋੜ ਰੁਪਏ (੪,੫੦੦ ਕਰੋੜ ਪਲੈਨ ਤੋਂ ਬਾਹਰ ਤੇ ੪,੩੦੦ ਪਲੈਨ ਉਤੇ) ਵਿਚੋਂ ੫,੨੦੦ ਕਰੋੜ ਰੁਪਏ ਬਜਟ ਦੀ ਆਮਦਨ ਵਿਚੋਂ ਆਉਣਗੇ। ਹੋਰ ਵਾਧੂ ਟੈਕਸਾਂ, ਜ਼ਰੂਰੀ ਕਰਜ਼ੇ ਅਤੇ ਸਰਕਾਰੀ ਕਾਰੋਬਾਰ (ਰੇਲਾਂ ਤੋਂ ਬਿਨਾਂ) ਦੇ ਮੁਨਾਫ਼ੇ ਰਾਹੀਂ ੮੦੦ ਕਰੋੜ ਰੁਪਏ ਲਏ ਜਾਣਗੇ। ੪੦੦ ਕਰੋੜ ਰੁਪਏ ਦੀ ਰਕਮ ਬਦੇਸ਼ੀ ਇਮਦਾਦ ਰਾਹੀਂ ਆਉਣ ਦੀ ਆਸ ਹੈ ਅਤੇ ੮੦੦ ਤੋਂ ੧੦੦੦ ਕਰੋੜ ਰੁਪਏ ਘਾਟੇ ਦੇ ਬਜਟਾਂ ਰਾਹੀਂ ਹਾਸਲ ਕੀਤੇ ਜਾਣਗੇ।

ਪਬਲਿਕ-ਖੇਤਰ ਵਿਚ ਬੁਨਿਆਦੀ ਸਨਅਤਾਂ ਦੀ ਹਮੈਤ

ਕੇਂਦਰੀ ਕਮੇਟੀ ਦੇ ਮਤੇ ਦੇ ਸਫ਼ਾ ੧੭, ੧੮, ੧੯, (ਪੰਜਾਬੀ) ਵਿਚ ਕਿਹਾ ਗਿਆ ਹੈ ਕਿ ਜੇ ਬੁਨਿਆਦੀ ਸਨਅਤਾਂ ਦੀ ਉਸਾਰੀ ਨੂੰ ਸਿਰੇ ਚਾੜ੍ਹਿਆ ਗਿਆ ਤਾਂ ਸਨਅਤੀ ਮਾਲ ਲਈ ਬਦੇਸ਼ਾਂ ਉਤੇ ਨਿਰਭਰਤਾ ਘੱਟ ਜਾਏਗੀ..........ਸਾਡੀ ਆਰਥਕ ਤੇ

ਕੌਮੀ ਆਜ਼ਾਦੀ ਮਜ਼ਬੂਤ ਹੋ ਜਾਏਗੀ। ਇਸ ਲਈ ਪਾਰਟੀ ਇਨ੍ਹਾਂ ਤਜਵੀਜ਼ਾਂ ਦੀ ਹਮੈਤ ਕਰਦੀ ਹੈ ਅਤੇ ਪਾਰਟੀ ਨਾ ਸਿਰਫ਼ ਇਹਨਾਂ ਤਜਵੀਜ਼ਾਂ ਦੀ ਹਮੈਤ ਕਰਦੀ ਹੈ, ਸਗੋਂ ਉਹਨਾਂ ਲੋਕਾਂ ਨੂੰ ਨੰਗਿਆ ਕਰੇਗੀ, ਤੇ ਉਹਨਾਂ ਦਾ ਵਿਰੋਧ ਕਰੇਗੀ, ਜਿਹੜੇ ਇਹਨਾਂ ਵਿਚ ਇਕ ਪਿਛੇ ਖਿਚੂ ਨੁਕਤੇ ਤੋਂ ਤਰਮੀਮਾਂ ਕਰਨ ਦੀ ਮੰਗ ਕਰਦੇ ਹਨ।

ਮਤੇ ਵਿਚ ਕਿਹਾ ਹੈ ਕਿ ਸਨਅਤੀ ਉਸਾਰੀ ਦੇ ਵਾਧੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਇਸ ਨੂੰ ਅੱਗੇ ਲਿਜਾਇਆ ਗਿਆ ਤਾਂ ਇਹ ਹਿੰਦੁਸਤਾਨੀ ਸਰਮਾਏਦਾਰੀ ਨੂੰ ਹਿੰਦ ਅੰਦਰ ਬਰਤਾਨਵੀ ਸਰਮਾਏ ਤੇ ਜਾਗੀਰਦਾਰ ਤੇ ਨੀਮ-ਜਾਗੀਰਦਾਰ ਸੰਬੰਧਾਂ ਨਾਲ ਵਧਦੇ ਵਿਰੋਧ ਵਿਚ ਲਿਆ ਖੜਾ ਕਰੇਗੀ ਅਤੇ ਵੱਧ ਰਹੀ ਜਨਤਕ ਜਮਹੂਰ ਲਹਿਰ ਦੇ ਪਿਛੋਕੜ ਵਿਚ ਇਸ ਵਧਦੀ ਵਿਰੋਧਤਾ ਦਾ ਸਿੱਟਾ ਸਰਕਾਰ ਵਲੋਂ ਸਾਮਰਾਜੀਆਂ ਜਾਗੀਰਦਾਰਾਂ ਤੇ ਪਿਛੇ-ਖਿੱਚੂ ਅਜਾਰੇਦਾਰ ਹਲਕਿਆਂ ਵਿਰੁਧ ਮਹਿਦੂਦ ਕਦਮ ਉਠਾਣੇ ਭੀ ਹੋ ਸਕਦਾ ਹੈ। ਪਾਰਟੀ ਜਨਤਕ ਲਾਮਬੰਦੀ ਰਾਹੀਂ ਅਜਿਹੇ ਕਦਮਾਂ ਨੂੰ ਅਗਾਂਹ ਵਧਾਉਣ ਦੇ ਯਤਨ ਕਰੇਗੀ। ਬਦੇਸ਼ੀ ਸਰਮਾਏ ਦੇ ਹਿਤਾਂ ਵਿਰੁਧ, ਜਾਗੀਰਦਾਰੀ ਤੇ ਨੀਮ-ਜਾਗੀਰਦਾਰੀ ਸੰਬੰਧਾਂ ਵਿਰੁਧ ਅਤੇ ਅਜਾਰੇਦਾਰੀ ਸਰਮਾਏ ਤੇ ਰੋਕਾਂ ਲਾਉਣ ਲਈ ਚੁਕੇ ਹਰ ਕਦਮ ਨੂੰ ਸਾਡੀ ਗਰਮ-ਜੋਸ਼ ਤੇ ਅਣਥੱਕ ਮਦਦ ਹਾਸਲ ਹੋਵੇਗੀ।

ਮਤੇ ਵਿਚ ਕਿਹਾ ਹੈ ਕਿ ਇਹਨਾਂ ਤਜਵੀਜ਼ਾਂ ਦੇ ਉਚੇਰੇ ਟੀਚਿਆਂ ਤੇ ਦਸੇ ਜਾਂਦੇ ਮਕਸਦਾਂ ਦੇ ਬਾਵਜੂਦ ਇਹ ਇਕ ਜਮਹੂਰੀ ਤੇ ਹਕੀਕੀ ਕੌਮੀ ਪਲਾਨ ਦੀ ਬੁਨਿਆਦ ਨਹੀਂ ਬਣ ਸਕਦੀਆਂ। ਇਹ ਅਸਲੋਂ ਨਾ-ਕਾਫ਼ੀ ਹਨ; ਇਹਨਾਂ ਵਿਚੋਂ ਕੁਝ ਤਾਂ ਪਿਛੇ-ਖਿੱਚੂ ਹਨ।

ਪਿਛੇ ਸਰਕਾਰ ਦੀ ਪਾਲਿਸੀ ਇਹ ਰਹੀ ਹੈ ਕਿ ਅਮੀਰਾਂ ਨੂੰ ਤਾਂ ਮੁਨਾਫ਼ੇ ਬਟੋਰਨ ਦੀ ਖੁਲ੍ਹੀ ਛੁਟੀ ਦਿੱਤੀ ਜਾਏ ਅਤੇ ਆਪਣੀਆਂ ਪਲੈਨਾਂ ਦਾ ਭਾਰ ਆਮ ਲੋਕਾਂ ਦੇ ਸਿਰ ਪਾਇਆ ਜਾਏ। ਇਹ ਪਲੈਨ ਵੀ ਇਸ ਪਹਿਲੂ ਤੋਂ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਉਂਦਾ,ਏਹ ਗੱਲ ਅਚਨਚੇਤ ਨਹੀਂ ਬਲਕਿ ਹਕੂਮਤ ਦੀਆਂ ਬੁਨਿਆਦੀ ਪਾਲਿਸੀਆਂ ਅਤੇ ਜਮਾਤੀ ਖਾਸੇ ਦੀ ਪੈਦਾਵਾਰ ਹੈ। ਇਹ ਉਸ ਦਰਿਸ਼ਟੀ ਕੋਨ ਦਾ ਨਤੀਜਾ ਹੈ ਜਿਹੜਾ ਇਹ ਤਸਲੀਮ ਕਰਨ ਤੋਂ ਇਨਕਾਰ ਕਰਦਾ ਹੈ ਕਿ ਕੌਮੀ ਅਰਥਚਾਰੇ ਨੂੰ ਸਭ ਪਹਿਲੂਆਂ ਵਿਚ ਮਜ਼ਬੂਤ ਕਰਨ ਲਈ ਬਰਤਾਨਵੀ ਸਰਮਾਏ ਤੇ ਜਾਗੀਦਾਰੀ ਵਿਰੁਧ ਸਖ਼ਤ ਕਾਰਵਾਈ ਕਰਨੀ, ਅਜਾਰੇਦਾਰ ਸਰਮਾਏ ਨੂੰ ਪਾਬੰਦ ਕਰਨਾ, ਲੋਕਾਂ ਦੀ ਹਾਲਤ ਨੂੰ ਸੁਧਾਰਨਾ ਤੇ ਜਮਹੂਰੀ ਕਦਮ ਪੁਟਣੇ, ਜ਼ਰੂਰੀ ਹਨ।

ਕਾਂਗਰਸੀ ਲੀਡਰਾਂ ਦੇ ਦਾਹਵੇ ਅਨੁਸਾਰ, ਪਬਲਿਕ-ਖੇਤਰ ਵਿਚ ਕੁਝ ਬੁਨਿਆਦੀ ਤੇ ਭਾਰੀ ਸਨਅਤਾਂ ਚਾਲੂ ਕਰਨ ਨਾਲ ਸੋਸ਼ਲਿਸਟ ਉਸਾਰੀ ਦਾ ਰਾਹ ਨਹੀਂ ਬਣ ਜਾਂਦਾ। ਫ਼ਰਾਂਸ ਵਰਗੇ ਸਾਮਰਾਜੀ ਦੇਸਾਂ ਵਿਚ ਵੀ ਸਰਕਾਰੀ ਸਨਅਤਾਂ ਤੇ ਕਾਰਖ਼ਾਨੇ ਦੇਖਣ ਵਿਚ ਆਉਂਦੇ ਹਨ।

ਪਲੈਨ ਲਈ ਜ਼ਰੀਏ ਤਲਾਸ਼ ਕਰਨ ਦਾ ਢੰਗ ਤੇ ਸਰਕਾਰੀ ਨੀਤੀਆਂ, ਲੋਕਾਂ ਦੀ ਪੁਜ਼ੀਸ਼ਨ ਕਮਜ਼ੋਰ ਕਰਦੀਆਂ ਹਨ। ਉਹਨਾਂ ਤੇ ਵਧੇਰੇ ਭਾਰ ਪਾਉਂਦੀਆਂ ਹਨ ਅਤੇ ਨਤੀਜੇ ਵਜੋਂ ਉਹਨਾਂ ਉਤੇ ਵਧੇਰੇ ਔਕੜਾਂ ਤੇ ਮੁਸੀਬਤਾਂ ਪਾਉਂਦੀਆਂ ਹਨ। ਦੂਜੇ ਪਾਸੇ ਅਜਾਰੇਦਾਰਾਂ ਨੂੰ ਵਧੇਰੇ ਮੁਨਾਫ਼ੇ ਕਮਾ ਕੇ ਹੋਰ ਅਮੀਰ ਬਣਾਉਂਦੀਆਂ ਹਨ ਅਤੇ ਦੇਸ਼ ਦੀ ਆਰਥਕ ਤੇ ਰਾਜਸੀ ਜ਼ਿੰਦਗੀ ਵਿਚ ਉਹਨਾਂ ਦੀ ਪੁਜ਼ੀਸ਼ਨ ਬਹੁਤ ਜ਼ਿਆਦਾ ਮਜ਼ਬੂਤ ਕਰਦੀਆਂ ਹਨ। ਟੈਕਸ ਲਾਉਣ ਦੀ ਨੀਤੀ, ਅਜਾਰਾਦਾਰਾਂ ਵਲੋਂ ਰੇਸ਼ਨਾਲਾਈਜ਼ੇਸ਼ਨ ਤੇ

ਉਜਰਤਾਂ ਵਿਚ ਕਾਟ ਦੀ ਹਮੈਤ, ਕੀਮਤਾਂ ਬਾਰੇ ਨੀਤੀ, ਮਜ਼ਦੂਰਾਂ ਤੇ ਕਿਸਾਨਾਂ ਦੀਆਂ ਸਾਰੀਆਂ ਜਦੋ-ਜਹਿਦਾਂ ਨੂੰ ਦਬਾਉਣਾ, ਇਹ ਸਰਮਾਏਦਾਰੀ ਰਾਹ ਉਤੇ ਉਸਾਰੀ ਕਰਨ ਦੀਆਂ ਕੁਝ ਨਿਸ਼ਾਨੀਆਂ ਤੇ ਨਤੀਜੇ ਹਨ। ਅਜਾਰੇਦਾਰੀ ਦੀ ਪੁਜ਼ੀਸ਼ਨ ਮਜ਼ਬੂਤ ਹੋਣ ਨਾਲ ਇਹ ਗੱਲ ਹਕੀਕੀ ਬਣ ਜਾਂਦੀ ਹੈ ਕਿ ਉਹ ਪਬਲਿਕ ਖੇਤਰ ਨੂੰ ਆਪਣੇ ਲੋਭ-ਭਰੇ ਲਾਭਾਂ ਲਈ ਵਰਤਣਾ ਨਵੀਂ ਸਟੇਟ ਬੈਂਕ ਦੇ ਡਾਇਰੈਕਟਰਾਂ ਨੂੰ ਮੁਕੱਰਰ ਕਰਨ ਤੋਂ ਹੀ ਇਹ ਗੱਲ ਨੰਗੀ ਹੋ ਜਾਂਦੀ ਹੈ। ਡਾਇਰੈਕਟਰਾਂ ਦੀ ਬਹੁ ਗਿਣਤੀ, ਬੈਂਕ ਦੇ ਪ੍ਰਧਾਨ ਸਮੇਤ ਅਜਾਰਾਦਾਰਾਂ ਦੇ ਨੁਮਾਇੰਦੇ ਹਨ।

ਆਖਰੀ ਨਿਰਨਾ ਇਹ ਹੈ ਕਿ ਸਿਰਫ਼ ਪਬਲਿਕ-ਖੇਤਰ ਦੀ ਹੋਂਦ ਉਸਾਰੀ ਦੇ ਕਰਦਾਰ ਦਾ ਫੈਸਲਾ ਨਹੀਂ ਕਰਦੀ। ਉਸਾਰੀ ਦੇ ਕਰਦਾਰ ਦਾ ਨਿਰਭੂ ਦੇਸ਼ ਦੇ ਆਰਥਕ ਜੀਵਨ ਵਿਚ ਵੱਖ-ਵੱਖ ਜਮਾਤਾਂ ਦੀ ਸੰਬੰਧਕ ਪੁਜ਼ੀਸ਼ਨ ਉਤੇ ਹੈ ਅਤੇ ਇਸ ਗੱਲ ਉਤੇ ਕਿ ਹਕੀਕਤ ਵਿਚ ਹਕੂਮਤੀ ਤਾਕਤ ਕਿਹੜੀਆਂ ਜਮਾਤਾਂ ਦੇ ਹੱਥ ਵਿਚ ਹੈ। ਜਮਹੂਰੀ ਲੋਕਾਂ ਜਾਂ ਕਿ ਅਜਾਰਾਦਾਰਾਂ ਤੇ ਜਾਗੀਰਦਾਰਾਂ ਦੇ ਹੱਥ।

ਬਾਲਗ ਰਾਏ ਸ਼ੁਮਾਰੀ ਅਤੇ ਵੋਟ ਦੇਣ ਦਾ ਹੱਕ ਇਕ ਜਮਹੂਰੀ ਜੀਵਨ ਲਈ ਲੋਕਾਂ ਹੱਥ ਬੜੇ ਕੀਮਤੀ ਹਥਿਆਰ ਹਨ। ਪਰ ਜ਼ਿੰਦਗੀ ਦੇ ਤਜਰਬੇ ਤੋਂ ਸਾਫ਼ ਜ਼ਾਹਰ ਹੈ ਕਿ ਹਕੂਮਤੀ ਤਾਕਤ ਉਹਨਾਂ ਜਮਾਤਾਂ ਹੱਥ ਹੁੰਦੀ ਹੈ ਜਿਨ੍ਹਾਂ ਹਥ ਦੇਸ਼ ਦੀ ਆਰ-ਥਕ ਤਾਕਤ ਹੁੰਦੀ ਹੈ ਭਾਵੇਂ ਉਹ ਘਟ ਗਿਣਤੀ ਵਿਚ ਹੀ ਹੋਣ। ਵਸੀਲਿਆਂ ਉਤੇ ਕਾਬਜ਼ ਜਮਾਤਾਂ ਦੀ ਤੇ ਜਮਹੂਰੀ ਜਨਤਾ ਦੀ ਆਰਥਕ ਤੇ ਸਿਆਸੀ ਦੋਹਵੇਂ ਤਰ੍ਹਾਂ-ਸੰਬੰਧਤ ਪੋਜ਼ੀਸ਼ਨ ਹੀ ਫੈਸਲਾਕੁਨ ਮਹਾਨਤਾ ਰਖਦੀ ਹੈ। ਸਰਕਾਰੀ ਨੀਤੀਆਂ ਦੇ ਕਾਰਨ ਅਜਾਰੇਦਾਰਾਂ ਦੀ ਬੇ ਓੜਕ ਮਜ਼ਬੂਤੀ ਹੋਣ ਨਾਲ ਉਹ ਸਰਕਾਰ ਤੇ ਰਾਜਪ੍ਰਬੰਧ ਉਤੇ ਪ੍ਰਭਾਵਤ ਹੋਣ ਦੀ ਤਾਕਤ ਰਖਦੇ ਹਨ।

ਮੌਜੂਦਾ ਸਮਾਜਕ-ਆਰਥਕ ਪ੍ਰਬੰਧ ਦੇ ਚੌਖਟੇ ਵਿਚ ਕੀਤੀ ਜਾ ਰਹੀ ਸਨਅਤੀ ਉਸਾਰੀ ਦਾ ਇਸ ਤੋਂ ਬਿਨਾ ਹੋਰ ਕੋਈ ਸਿਟਾ ਨਹੀਂ ਨਿਕਲ ਸਕਦਾ ਕਿ ਲੋਕਾਂ ਦੀ ਲੁਟ ਹੋਰ ਤੇਜ਼ ਹੋ ਜਾਏ ਅਤੇ ਉਹਨਾਂ ਉਤੇ ਵਧੇਰੇ ਮਾਇਕ ਭਾਰ ਲਦੇ ਜਾਣ। ਰੇਸ਼ਨੇਲਾਈਜ਼ੇਸ਼ਨ ਕੀਤੀ ਜਾ ਰਹੀ ਹੈ, ਕਿਸਾਨਾਂ ਦੀ ਪੈਦਾਵਾਰ ਦੀਆਂ ਕੀਮਤਾਂ ਘਟ ਕਰਕੇ ਲੁਟਿਆ ਜਾ ਰਿਹਾ ਹੈ, ਅਤੇ ਨਵੇਂ ਰੁਖ ਵਾਲੇ ਇਸ ਦੂਜੇ ਪੰਜ ਸਾਲਾ ਪਲੈਨ ਲਈ ਸਰਮਾਇਆ ਹਾਸਲ ਕਰਨ ਲਈ ਵੀ ਆਮ ਲੋਕਾਂ ਉਤੇ ਟੈਕਸਾਂ ਦਾ ਭਾਰ ਵਧਾਉਣ ਦੀਆਂ ਤਜਵੀਜ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਕੁਝ ਹੁੰਦਾ ਅਜ ਅਸੀਂ ਵੇਖ ਰਹੇ ਹਾਂ।

ਮੌਜੂਦਾ ਸਰਕਾਰ ਦੇ ਹਰ ਉਸ ਕਦਮ ਜਿਸ ਰਾਹੀਂ ਉਹ ਅੰਗਰੇਜ਼ੀ ਸਾਮਰਾਜੀਆਂ ਉਤੇ ਸਾਡੀ ਨਿਰਭਰਤਾ ਨੂੰ ਅਤੇ ਸਾਡੇ ਪਛੜੇਵੇਂ ਨੂੰ ਦੂਰ ਕਰਦੀ ਹੋਵੇ, ਅਸੀਂ ਪੂਰੀ ਹਮਾਇਤ ਦਾ ਐਲਾਨ ਕਰਦੇ ਹਾਂ ਪਰ ਅਸੀਂ ਇਹ ਵੀ ਦਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਸਰਮਾਇਆਦਾਰੀ ਲੀਹਾਂ ਉਤੇ ਉਸਾਰੀ ਦੀਆਂ ਸੰਭਾਵਨਾਵਾਂ ਇਸ ਮੌਜੂਦਾ ਬੁਨਿਆਦੀ ਅਰਥਚਾਰੇ ਵਿਚ ਸਰਮਾਇਆਦਾਰੀ ਜਮਾਤ ਲਈ ਬਹੁਤ ਹੀ ਮਹਿਦੂਦ ਹਨ। ਇਸ ਨਾਲ ਨਾ ਤਾਂ ਸਾਡੇ ਅਰਥਚਾਰੇ ਦੇ ਅਹਿਮ ਮਸਲੇ ਹਲ ਹੋਣਗੇ ਤੇ ਨਾ ਅਧੀਨਗੀ ਤੇ ਲੋੜਾਂ ਤੇ ਕੰਗਾਲੀ ਦਾ ਪਛੜੇਵਾਂ ਦੂਰ ਹੋਏਗਾ—ਨਾਂ ਹੀ ਸਾਡੇ ਅਰਥਚਾਰੇ ਵਿਚਲੇ ਵਿਰੋਧ ਹੀ ਹਲ ਹੋਣਗੇ। ਇਹ ਰਾਹ ਦੇਸ਼ ਦੀ ਮਾਦੀ ਤੇ ਮਨੁਖੀ ਵਸੀਲਿਆਂ ਦੀ ਪੂਰੀ ਵਰਤੋਂ ਨੂੰ ਵੀ ਯਕੀਨੀ ਨਹੀਂ ਬਣਾਏਗਾ। ਨਾ ਹੀ ਇਹ ਅਰਥਚਾਰੇ ਦੀ ਲਗਾਤਾਰ ਤੇ ਬੇਰੋਕ ਉਸਾਰੀ ਦਾ ਜ਼ਾਮਨ ਹੈ। ਇਸ ਦੇ ਉਲਟ ਇਹ ਰਾਹ ਯਕੀਨਨ ਪੈਦਾਵਾਰੀ ਖੇਤਰ ਵਿਚ ਬੇਸੁਰੇਪਨ ਤੇ ਟੁਟ ਭੂਟ ਨਿਰਾਜ ਤੇ ਸੰਕਟ ਵਿਚ ਜਾ ਕੇ ਮੁਕੇਗਾ।

ਇਹ ਰਾਹ ਅਰਥਚਾਰੇ ਨੂੰ ਅਜ ਦੇ ਸਰਮਾਏਦਾਰੀ ਦੇ ਤੇਜ਼ ਹੋ ਰਹੇ ਸੰਕਟ ਦੇ ਅਮਲ ਤੋਂ ਨਹੀਂ ਬਚਾ ਸਕਦਾ।

ਅਗਾਂਹ ਵਧਣ ਦਾ ਅਸਲ ਰਾਹ—ਲੋਕ ਜਮਹੂਰੀਅਤ

ਸਾਡੇ ਦੇਸ਼ ਨੂੰ ਅਜਿਹੇ ਰਾਹ ਉਤੇ ਧੂਹਣ ਦੀ ਕੋਈ ਲੋੜ ਨਹੀਂ ਕਿਉਂਕਿ ਇਕ ਆਜ਼ਾਦ ਤੇ ਬੇਰੋਕ ਆਰਥਕ ਉਸਾਰੀ ਵਲ ਵਧਣ ਲਈ ਮੌਜੂਦਾ ਸਰਕਾਰ ਦੇ ਚੁਣੇ ਰਾਹ, ਜਿਸ ਵਿਚ ਦੁਖ ਤੇ ਮੁਸੀਬਤਾਂ ਲਾਜ਼ਮੀ ਹਨ, ਦੇ ਮੁਕਾਬਲੇ ਤੇ ਇਕ ਹੋਰ ਰਾਹ ਵੀ ਹੈ। ਇਹ ਦੂਜਾ ਰਾਹ ਇਕੋ ਵੇਲੇ ਤੇਜ਼ ਸਨਅਤੀ ਤ੍ਰੱਕੀ, ਖੇਤੀ ਬਾੜੀ ਵਿਚ ਪ੍ਰਫੁਲਤਾ ਅਤੇ ਲੋਕਾਂ ਦੇ ਜੀਵਨ ਪੱਧਰ ਵਿਚ ਲਗਾਤਾਰ ਵਾਧਾ—ਉਹਨਾਂ ਦੀ ਮਾਦੀ ਤੇ ਸਭਿਆਚਾਰਕ ਖੁਸ਼ਹਾਲੀ ਨੂੰ ਯਕੀਨੀ ਬਣਾਉਂਦਾ ਹੈ।

ਇਹ ਰਾਹ ਲੋਕ ਜਮਹੂਰੀਅਤ ਦਾ ਰਾਹ ਹੈ। ਕੇਂਦਰੀ ਕਮੇਟੀ ਦੇ ਮਤੇ ਦੇ ਸਫ਼ਾ ੧੪, ੧੫ ਤੇ ੨੦ (ਪੰ ਾਬੀ) ਵਿਚ ਕਿਹਾ ਗਿਆ ਹੈ—ਕਿ ਲੋਕ ਚੀਨ ਦਾ ਤਜਰਬਾ ਦਸਦਾ ਹੈ ਕਿ ਸਾਡੇ ਦੇਸ਼ ਵਰਗਾ ਇਕ ਪਛੜਿਆ ਹੋਇਆ ਤੇ ਗੈਰ ਉਨਤ ਦੇਸ਼ ਤਦ ਹੀ ਤੇਜ਼ੀ ਨਾਲ ਖੁਸ਼ੀ ਤੇ ਖੁਸ਼ਹਾਲੀ ਵਲ ਵਧ ਸਕਦਾ ਹੈ ਜੇ ਬਦੇਸ਼ੀ ਸਰਮਾਏ ਦੀ ਲੁਟ ਦਾ ਅੰਤ ਕਰ ਦੇਵੇ, ਜਾਗੀਰਦਾਰੀ ਨੂੰ ਸਭ ਸ਼ਕਲਾਂ ਵਿਚ ਖਤਮ ਕਰ ਦੇਵੇ, ਜ਼ਮੀਨ ਦਿਹਾਤੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਵਿਚ ਵੰਡ ਦੇਵੇ ਤੇ ਲੋਕ ਜਮਹੂਰੀਅਤ ਦਾ ਰਾਹ ਫੜ ਲਏ ਜਿਹੜਾ ਸੋਸ਼ਲਿਜ਼ਮ ਵਲ ਵਧਣ ਦੇ ਹਾਲਾਤ ਪੈਦਾ ਕਰਦਾ ਹੈ।

ਇਕ ਪੂਰਣ ਜਨਤਕ ਪਲੈਨ ਦੀ ਬੁਨਿਆਦ ਬਰਤਾਨਵੀਂ ਸਰਮਾਏ ਦੀ ਜ਼ਬਤੀ ਤੇ ਜ਼ਮੀਨ ਦੀ ਹਲਵਾਹਕਾਂ ਨੂੰ ਮੁਫਤ ਵੰਡ

ਉਤੇ ਹੀ ਰਖੀ ਜਾ ਸਕਦੀ ਹੈ ।

ਮੌਜੂਦਾ ਹਾਲਤਾਂ ਵਿਚ ਵੀ ਇਕ ਦੇਸ਼ ਭਗਤ ਪਲੈਨ ਲਈ ਜ਼ਰੂਰੀ ਹੈ ਕਿ ਉਹ ਹਿੰਦ ਵਿਚ ਬਦੇਸ਼ੀ ਸਰਮਾਏ ਤੇ ਜਾਗੀਰਦਾਰੀ ਦੀ ਪੋਜ਼ੀਸ਼ਨ ਦੇ ਖਿਲਾਫ ਫੈਸਲਾਕੁਨ ਕਦਮ ਲਏ; ਅਜਿਹੀ ਪਲੈਨ ਲਈ ਜ਼ਰੂਰੀ ਹੈ ਕਿ ਉਹ ਸਾਡੇ ਅਰਥਚਾਰੇ ਵਿਚ ਅਜਾਰੇਦਾਰ ਸਰਮਾਏ ਦੀ ਪੋਜ਼ੀਸ਼ਨ ਨੂੰ ਜ਼ਰੂਰ ਕਮਜ਼ੋਰ ਕਰੇ, ਕਿਸਾਨਾਂ ਤੋਂ ਭਾਰ ਹੌਲਾ ਕਰੇ, ਲੋਕਾਂ ਦੀ ਜੀਵਨ ਪੱਧਰ ਨੂੰ ਲਗਾਤਾਰ ਉਚਾ ਕਰਦਾ ਜਾਏ ਤੇ ਫੈਲ ਰਹੀ ਅੰਦਰੂਨੀ ਮੰਡੀ ਹੋਂਦ ਵਿਚ ਲਿਆਏ। ਇਸ ਪਲੈਨ ਦੀ ਬੁਨਿਆਦ ਇਹ ਹੋਵੇ ਕਿ ਟੈਕਸ ਲਾਉਣ ਦਾ ਨਿਆਂ ਭਰਿਆ ਸਿਸਟਮ ਲਾਗੂ ਕੀਤਾ ਜਾਏ, ਬਦੇਸ਼ੀ ਸਰਮਾਏ ਜਾਗੀਰਦਾਰ ਰਜਵਾੜੇ ਤੇ ਵਡੀ ਸਰਮਾਏਦਾਰੀ ਸਿਰੋਂ ਆਮਦਨ ਦੀ ਮੁਖ ਵਸੂਲੀ ਹੋਵੇ। ਕੀਮਤਾਂ ਦਾ ਸਥਿਰ ਢਾਂਚਾ ਕਾਇਮ ਕਰਨ ਦੇ ਯਤਨ ਕੀਤੇ ਜਾਣ ਸਿਹਤ, ਰਿਹਾਇਸ਼, ਸਭਿਆਚਾਰਕ ਆਦਿ ਪਹਿਲੂਆਂ ਵਿਚ ਵੀ ਤ੍ਰੱਕੀ ਨੂੰ ਸੰਭਵ ਬਣਾਇਆ ਜਾਏ, ਜਦ ਤਕ ਇਹ ਗਲਾਂ ਨਹੀਂ ਕੀਤੀਆਂ ਜਾਂਦੀਆਂ ਸਾਡੇ ਦੇਸ਼ ਨੂੰ ਦਰਪੇਸ਼ ਮਸਲੇ ਹਲ ਨਹੀਂ ਹੋ ਸਕਦੇ।

ਸਾਡੀਆਂ ਤਜਵੀਜ਼ਾਂ

ਪਹਿਲਾਂ ਦਸੇ ਅਸੂਲਾਂ ਦੀ ਰੋਸ਼ਨੀ ਵਿਚ ਤੇ ਕੌਮੀ ਨਵੀ-ਉਸਾਰੀ ਦੇ ਜ਼ਰੂਰੀ ਮਸਲਿਆਂ ਨੂੰ ਮੁਖ ਰਖਕੇ ਕਮਯੂਨਿਸਟ ਪਾਰਟੀ ਲੋਕਾਂ ਮੂਹਰੇ ਕੁਝ ਜ਼ਰੂਰੀ ਤਜਵੀਜ਼ਾਂ ਰਖਦੀ ਹੈ, ਜੋ ਦੂਸਰੇ ਪੰਜ ਸਾਲਾ ਪਲੈਨ ਦਾ ਜ਼ਰੂਰੀ ਅੰਗ ਬਣਨੀਆਂ ਚਾਹੀਦੀਆਂ ਹਨ।

ਇਹ ਇਕ ਮੰਨੀ ਪਰਮੰਨੀ ਗਲ ਹੈ, ਕਿ ਅਜ ਆਪਣੀ ਆਰਥਕਤਾ ਦੀ ਮੁੜ ਉਸਾਰੀ ਵਾਸਤੇ ਹਿੰਦੁਸਤਾਨ ਦੇ ਸਾਹਮਣੇ ਸਭ ਤੋਂ ਜ਼ਰੂਰੀ ਕੰਮ ਇਹ ਹੈ ਕਿ ਤੇਜ਼ ਰਫਤਾਰ ਸਨਅਤੀ ਉਸਾਰੀ

ਦੀ ਨੀਂਹ ਰਖੀ ਜਾਏ ਤੇ ਅਸਲੀ ਜ਼ਰੂਰੀ ਸੁਧਾਰ ਅਮਲ ਵਿਚ ਲਿਆਂਦਾ ਜਾਏ ਜਿਨ੍ਹਾਂ ਤੋਂ ਬਗੈਰ ਕੋਈ ਕੌਮੀ ਨਵ-ਉਸਾਰੀ ਨਹੀਂ ਹੋ ਸਕਦੀ ਹੈ।

ਸਨਅਤਕਾਰੀ ਤੇ ਸਰਕਾਰੀ ਭਾਗ

ਸਾਡੀ ਕੌਮੀ ਆਰਥਕਤਾ ਦੀ ਨਵੀਂ ਉਸਾਰੀ ਮੰਗ ਕਰਦੀ ਹੈ ਕਿ ਲੋਹੇ, ਕੋਇਲੇ, ਭਾਰੀ ਰਸਾਇਣ ਤੇ ਮਸ਼ੀਨਾਂ ਬਣਾਉਣ ਦੀਆਂ ਭਾਰੀ ਸਨਅਤਾਂ ਤੇਜ਼ੀ ਨਾਲ ਉਸਾਰਨ ਲਈ ਹਰ ਪਾਸੇ ਜ਼ੋਰ ਲਾਇਆ ਜ ਏ। ਅਜੇਹੀਆਂ ਭਾਰੀ ਸਨਅਤਾਂ ਦਾ ਉਸਾਰਨਾਂ ਅਵੱਸ਼ ਹੀ ਸਾਡੀ ਆਰਥਕਤਾ ਨੂੰ ਸਨਅਤੀ ਬਨਾਓਣ ਲਈ ਕੇਂਦਰੀ ਕੰਮ ਹੋਣਾ ਚਾਹੀਦਾ ਹੈ।

ਕਮਯੂਨਿਸਟ ਪਾਰਟੀ ਮੰਗ ਕਰਦੀ ਹੈ, ਕਿ ਭਾਰੀ ਸਨਅਤ ਦੇ ਸਭ ਕਾਰਖਾਨੇ ਸਰਕਾਰੀ ਮਾਲਕੀ ਵਿਚ ਚਲਾਏ ਜਾਣ। ਅਸੀਂ ਇਸ ਚੀਜ਼ ਦੇ ਸਖਤ ਖਿਲਾਫ ਹਾਂ, ਕਿ ਸਰਕਾਰ ਵਲੋਂ ਉਹਨਾਂ ਦੇ ਆਪਣੇ ਵਸੀਲਿਆਂ ਨੂੰ ਧਿਆਨ ਵਿਚ ਰਖੇ ਅਤੇ ਲੋਕ ਲਾਭ ਦੇ ਮੁਤਾਬਕ ਸ਼ਰਤਾਂ ਲਾਏ ਬਿਨਾ ਕੰਮ ਵਧਾਉਣ ਲਈ ਇਮਦਾਦ ਦੇ ਪਜ ਭਾਰੀਆਂ ਭਾਰੀਆਂ ਰਕਮਾਂ ਟਾਟੇ ਤੇ ਇੰਡੀਅਨ ਆਇਰਨ ਐਂਡ ਸਟੀਲ ਕੰਪਨੀ ਵਰਗੇ ਅਜਾਰੇਦਾਰਾਂ ਨੂੰ ਦਿਤੀਆਂ ਜਾਣ। ਉਹਨਾਂ ਨੂੰ ਨਾ ਸਿਰਫ ਕਰੋੜਾਂ ਰੁਪਏ ਦਿਤੇ ਗਏ ਹਨ ਤੇ ਉਹ ਵੀ ਕਈ ਵੇਰਾਂ ਬਿਨਾਂ ਕਿਸੇ ਸੂਦ ਦੇ ਹੀ, ਸਗੋਂ ਟਾਟੇ ਵਰਗਿਆਂ ਨੂੰ ਤਾਂ ਲੋਹੇ ਦੀਆਂ ਕੀਮਤਾਂ ਚੜ੍ਹਾ ਕੇ ਅਨਗਿਣਤ ਮੁਨਾਫਾ ਕਮਾਉਣ ਦਾ ਮੌਕਾ ਦਿਤਾ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਲੋਕਾਂ ਨੂੰ ਉਸ ਤਰੱਕੀ ਦਾ ਮੁਲ ਤਾਰਨ ਤੇ ਮਜਬੂਰ ਕੀਤਾ ਜਾਏ ਜਿਸ ਦਾ ਅਣਮੂਹੀ ਮੁਨਾਫਾ ਅਜਾਰੇਦਾਰ ਮਾਠ ਲੈਂਦੇ ਹਨ।

ਹਾਂ ਜਿਥੇ ਨਵੇਂ ਕਾਰਖਾਨੇ ਚਾਲੂ ਕਰਨ ਨਾਲੋਂ ਪੁਰਾਣਿਆਂ ਨੂੰ ਤਰੱਕੀ ਦੇਣੀ ਤੇ ਵਧਾਉਣਾ ਸਸਤਾ ਪੈਂਦਾ ਹੈ ਤੇ ਲਾਭਦਾਇਕ

ਵੀ ਹੈ ਉਥੇ ਸਰਕਾਰ ਬੇਸ਼ਕ ਮਦਦ ਦੇਵੇ। ਅਜੇਹੇ ਮਾਮਲਿਆਂ ਵਿਚ ਕਮਯੂਨਿਸਟ ਪਾਰਟੀ ਮੁਤਾਲਬਾ ਕਰਦੀ ਹੈ ਕਿ ਅਜੇਹੇ ਕਾਰਖਾ-ਨਿਆਂ ਵਿਚ ਸਰਕਾਰ ਦਿਤੀ ਜਾ ਰਹੀ ਰਕਮ ਦੇ ਮੁਤਾਬਕ ਆਪਣਾ ਹਿਸਾ ਪਾਵੇ ਤੇ ਉਹਨਾਂ ਪੁਰ ਕੰਟਰੋਲ ਵਿਚ ਆਪਣਾ ਹਥ ਰਖੇ। ਇਸ ਤਰ੍ਹਾਂ ਲੋਕਾਂ ਦਾ ਦਿਤਾ ਹੋਇਆ ਰੁਪਿਆ ਸਕਾਰਥ ਆਵੇਗਾ ਤੇ ਅਜਿਹੀ ਕੌਮੀ ਉਸਾਰੀ ਵਿਚ ਹੋਏ ਨਫ਼ੇ ਨੂੰ ਕੌਮੀ ਆਰਥਕਤਾ ਦੀ ਤਰੱਕੀ ਲਈ ਮੌਕਾ ਪੈਦਾ ਕਰੇਗਾ।

ਸਾਡੀ ਆਰਥਕਤਾ ਦੀ ਮੌਜੂਦਾ ਹਾਲਤ ਵਿਚ ਸਰਕਾਰੀ ਪਾਸੇ ਵਲੋਂ ਨਵੀਆਂ ਸਨਅਤਾਂ ਤੇ ਕਾਰਖਾਨੇ ਜਾਰੀ ਕਰਨੇ ਜ਼ਰੂਰੀ ਹਨ। ਪਰ ਸਰਕਾਰੀ ਭਾਗ ਨੂੰ ਨਵੀਆਂ ਸਨਅਤਾਂ ਲਾਉਣ ਤਕ ਹੀ ਮਹਿਦੂਦ ਨ ਰਖਿਆ ਜਾਏ। ਸਾਡੀ ਆਰਥਕਤਾ ਦੀ ਤਰੱਕੀ ਦੀਆਂ ਲੋੜਾਂ ਇਹ ਮੰਗ ਕਰਦੀਆਂ ਹਨ, ਕਿ ਬਰਤਾਨਵੀ ਕਾਰੋਬਾਰੀ ਫਰਮਾਂ ਨੂੰ ਕੌਮੀ ਬਣਾਇਆ ਜਾਏ। ਜਿਸ ਨੂੰ ਸਾਡੀ ਸਨਅਤ ਵਿਚ ਭਾਰੂ ਤੇ ਵਿਸ਼ੇਸ਼ ਪੋਜ਼ੀਸ਼ਨ ਹਾਸਲ ਹੈ। ਜਦ ਤਕ ਇਹ ਬਰਤਾਨਵੀ ਕਾਰੋਬਾਰੀ ਫਰਮਾਂ ਕੌਮੀ ਕਰਾਰ ਨਹੀਂ ਦਿਤੀਆਂ ਜਾਂਦੀਆਂ ਤਦ ਤਕ ਸਰਕਾਰੀ ਭਾਗ ਨੂੰ ਸਾਡੀ ਅਰਥਕਤਾ ਅੰਦਰ ਉਹ ਪੋਜ਼ੀਸ਼ਨ ਪਰਾਪਤ ਨਹੀਂ ਹੁੰਦੀ, ਜੋ ਇਸ ਨੂੰ ਸਨਅਤ ਸਾਜ਼ੀ ਦੇ ਰਾਹੇ ਪੌਣ ਜੋਗੀ ਬਣਾਵੇ।

ਬਰਤਾਨਵੀ ਕਾਰੋਬਾਰੀ ਫਰਮਾਂ ਕਬਜ਼ੇ ਵਿਚ ਲੈ ਲੈਣ ਨਾਲ ਗੌਰਮਿੰਟ ਦੇ ਹਥ ਵਿਚ ਤਰੱਕੀ ਦੇ ਕੰਮਾਂ ਵਾਸਤੇ ਸਰਮਾਏ ਦਾ ਵਡਾ ਸੋਮਾ ਆ ਜਾਏਗਾ। ਇਸ ਬਾਰੇ ਇਕ ਗਲ ਦਾ ਖਿਆਲ ਰਖਣਾ ਚਾਹੀਦਾ ਹੈ ਕਿ ਕਈ ਬਰਤਾਨਵੀ ਸਨਅਤਾਂ ਤੇ ਕਾਰੋਬਾਰ ਕੌਮੀ ਤਰੱਕੀ ਵਾਸਤੇ ਅਤੀ ਜ਼ਰੂਰੀ ਹਨ, ਪਰ ਇਹਨਾਂ ਸਨਅਤੀ ਕਾਰੋਬਾਰਾਂ ਉਪਰ ਬਰਤਾਨਵੀ ਕਬਜ਼ੇ ਦਾ ਸਿਟਾ ਇਹ ਹੈ ਕਿ ਇਹ ਸਭ ਕੌਮ ਦੁਸ਼ਮਣੀ ਦੀਆਂ ਲੀਹਾਂ ਪੁਰ ਚਲ ਰਹੇ ਹਨ ਤੇ ਇਹ

ਗਲ ਸਾਡੇ ਆਰਥਕ ਵਿਕਾਸ ਦੇ ਰਸਤੇ ਵਿਚ ਰੁਕਾਵਟ ਹੈ।

ਦੁਨੀਆਂ ਭਰ ਵਿਚ ਹਿੰਦੁਸਤਾਨ ਦੀ ਮੈਂਗਨੀਜ਼ ਪੈਦਾਵਾਰ ਸੋਵੀਅਟ ਰੂਸ ਤੋਂ ਹਟਕੇ ਦੂਸਰੇ ਦਰਜੇ ਪੁਰ ਹੈ ਤੇ ਇਸ ਸਿਲਸਲੇ ਵਿਚ ਸੰਸਾਰ ਸਰਮਾਏਦਾਰ ਮੰਡੀ ਵਿਚ ਸਾਡੀ ਪੋਜ਼ੀਸ਼ਨ ਅਜਾਰੇ ਦੇ ਨੇੜੇ ਨੇੜੇ ਹੈ। ਮੈਂਗਨੀਜ਼ ਸਪਾਤ ਬਣਾਉਨ ਦੀ ਕੁੰਜੀ ਹੈ, ਇਸ ਦੇ ਬਾਵਜੂਦ ਸਾਡੇ ਦੇਸ਼ ਅੰਦਰ ਇਕ ਭੀ ਲੋਹੇ ਮੈਂਗਨੀਜ਼ ਦਾ ਕਾਰ-ਖਾਨਾ ਨਹੀਂ ਇਨ੍ਹਾਂ ਮੈਂਗਨੀਜ਼ ਦੀਆਂ ਖਾਨਾਂ ਦੀ ਮਾਲਕੀ ਬਰਤਾਨਵੀ ਅਜਾਰੇਦਾਰਾਂ ਦੇ ਹਥ ਵਿਚ ਹੋਣ ਕਰਕੇ ਮੈਂਗਨੀਜ਼ ਦੀ ਸਾਰੀ ਦੀ ਸਾਰੀ ਪੈਦਾਵਾਰ ਸਾਮਰਾਜੀਆਂ ਦੀ ਆਪਣੀ ਲੋਹੇ ਦੀ ਸਨਅਤ ਦੀਆਂ ਲੋੜਾਂ ਪੂਰੀਆ ਕਰਨ ਵਾਸਤੇ ਬਾਹਰ ਭੇਜ ਦਿੱਤੀ ਜਾਂਦੀ ਹੈ। ਬਰਤਾਨਵੀ ਮਾਲਕੀ ਦੀਆਂ ਮੈਂਗਨੀਜ਼ ਦੀਆਂ ਖਾਨਾਂ ਨੂੰ ਕੌਮੀ ਬਣਾਉਣ ਦਾ ਮਤਲਬ ਇਹ ਹੋਵੇਗਾ ਕਿ ਸਾਡੀ ਹਕੂਮਤ ਨ ਸਿਰਫ ਲੋਹੇ ਮੈਂਗਨੀਜ਼ ਦੀ ਵਡੀ ਸਨਅਤ ਹੀ ਕਾਇਮ ਕਰ ਸਕੇਗੀ, ਸਗੋਂ ਆਪ ਲੋੜੀਂਦੀ ਚੀਜ਼ ਦੀ ਸੰਸਾਰ ਸਰਮਾਏਦਾਰ ਮੰਡੀ ਵਿਚ ਅਜਾਰੇਦਾਰੀ ਨੂੰ ਆਪਣੀ ਸਨਅਤੀ ਉਸਾਰੀ ਲਈ ਬਾਹਰਲੇ ਮੁਲਕਾਂ ਤੋਂ ਨਫੇਵੰਦ ਕੀਮਤਾਂ ਉਤੇ ਖਰੀਦਣ ਲਈ ਵਰਤ ਸਕੇਗੀ।

ਹਿੰਦੁਸਤਾਨ ਦੇ ਲਭੇ ਜਾ ਚੁਕੇ ਕੋਇਲੇ ਦੇ ਵਸੀਲੇ ਕੋਈ ਜ਼ਿਆਦਾ ਨਹੀਂ ਹਨ। ਸਾਡਾ ਧਾਤਾਂ ਵਿਚ ਕੰਮ ਆਉਣ ਵਾਲਾ ਕੋਇਲਾ ਬਹੁਤ ਥੋੜਾ ਹੈ। ਇਸ ਦੇ ਬਾਵਜੂਦ ਬਰਤਾਨਵੀ ਕੋਇਲਾ ਕੰਪਣੀਆਂ, ਜਿਨ੍ਹਾਂ ਦੇ ਪਾਸ ਇਸ ਕੋਇਲੇ ਦਾ ਅਜਾਰਾ ਹੈ, ਇਸ ਨੂੰ ਉਹਨਾਂ ਕੰਮਾਂ ਵਾਸਤੇ ਵੇਚ ਕੇ ਗੁਆ ਰਹੀਆਂ ਹਨ ਜਿਨ੍ਹਾਂ ਵਿਚ ਘਟੀਆ ਕੋਇਲਾ ਕੰਮ ਆ ਸਕਦਾ ਹੈ ਇਸ ਦਾ ਨਤੀਜਾ ਇਹ ਹੈ, ਕਿ ਸਾਡਾ ਧਾਤਾਂ ਵਿਚ ਕੰਮ ਆਉਣ ਵਾਲਾ ਕੋਇਲਾ ਛੇਤੀ ਮੁਕਦਾ ਜਾ ਰਿਹਾ ਹੈ। ਦੂਜੇ ਕੋਇਲੇ ਦੇ ਇਹ ਮਾਲਕ ਸਾਡੇ

ਕੋਇਲੇ ਨੂੰ ਸੰਭਾਲੀ ਨ ਰਖਣ ਤੇ ਖਾਨਾਂ ਵਾਲੇ ਮਜ਼ਦੂਰਾਂ ਦੀ ਰਖਿਆਂ ਨਾ ਕਰਨ ਦੇ ਦੋਸ਼ੀ ਹਨ। ਇਹਨਾਂ ਨੂੰ ਕੇਵਲ ਆਪਣੇ ਮੁਨਾਫੇ ਨਾਲ ਗਰਜ਼ ਹੈ।

ਇਹ ਹਕੀਕਤ ਕੋਇਲੇ ਦੇ ਬੋਰਡ ਦੇ ਚੇਅਰਮੈਨ ਤੇ ਕੋਇਲੇ ਦੇ ਕਮਿਸ਼ਨਰ ਸ੍ਰੀ ਰ. ਕ. ਰਾਮਧਿਆਨੀ ਜੈਸੇ ਸ਼ਖ਼ਸ਼ ਨੇ ਖੁਦ ਮਨੀ ਹੈ, ਉਹ ਲਿਖਦੇ ਹਨ "ਕਈ ਕੋਲੇ ਦੀਆਂ ਕਾਨਾਂ ਵਿਚ ਪੂਰੀ ਤਰ੍ਹਾਂ ਕੋਇਲਾ ਨਹੀਂ ਕਢਦੇ।" ਰੁਹਜਾਨ ਇਹ ਹੈ ਕਿ ਉਹ ਕੋਇਲਾ ਓਥੋਂ ਪੁਟਦੇ ਹਨ, ਜਿਥੋਂ ਨਫੇਵੰਦ ਹੋਵੇ ਤੇ ਉਹ ਥਾਂ ਛਡ ਦਿੰਦੇ ਹਨ, ਜਿਥੋਂ ਘਟ ਲਾਭ ਹੋਵੇ, ਮਜ਼ਦੂਰਾਂ ਦੀ ਰਖਯਾ ਕਰਵੌਣ ਲਈ ਪਾਸ ਕੀਤੇ ਕਾਨੂੰਨਾਂ ਦੇ ਬਾਵਜੂਦ ਰੁਹਜਾਨ ਇਹ ਹੈ ਕਿ ਘਟੀਆ ਤੇ ਅਣਗਹਿਲੀ ਵਾਲੇ ਤਰੀਕੇ ਵਰਤੇ ਜਾਂਦੇ ਹਨ ਹਿੰਦੁਸਤਾਨ ਵਿਚ ਤਾਂਬਾ ਬਹੁਤ ਥੋਹੜਾ ਹੈ, ਪਰ ਫੇਰ ਵੀ ਜਿਹੜੀ ਇਕੋ ਕਾਨ ਹੈ ਉਹ ਭੀ ਅੰਗਰੇਜ਼ਾਂ ਪਾਸ ਹੈ, ਜੋ ਇਸ ਨੂੰ ਕਢ ਕੇ ਬਾਹਰ ਭੇਜ ਦਿੰਦੇ ਹਨ, ਸੋਨੇ ਦੀਆਂ ਕਾਨਾਂ ਵੀ ਬਰਤਾਨਵੀਂ ਕੰਪਣੀਆਂ ਪਾਸ ਹੋਣ ਕਰਕੇ ਸਾਡੇ ਦੇਸ਼ ਦੇ ਵਸੀਲਿਆਂ ਨੂੰ ਢਾਹ ਲਗੀ ਹੋਈ ਹੈ।

ਪਟਸਨ ਦੀ ਸਨਅਤ ਦੇ ਅੰਗਰੇਜ਼ ਮਾਲਕਾਂ ਨੇ ਸਾਡੇ ਲੋਕਾਂ ਦੀਆਂ ਵਧਦੀਆਂ ਲੋੜਾਂ ਦੀ ਪੂਰਤੀ ਕਰਨ ਵਾਲੀਆਂ ਚੀਜ਼ਾਂ ਦੀ ਪੈਦਾਵਾਰ ਕਰਨ ਵਲ ਬੜਾ ਘਿਰਣਾ ਵਾਲਾ ਰਵਈਆ ਰਖਿਆ ਹੈ ਉਹ ਚੀਨ ਤੇ ਸੋਸ਼ਲਿਸਟ ਦੇਸ਼ਾਂ ਨਾਲ ਬਿਉਪਾਰ ਕਰਨ ਤੋਂ ਮੂੰਹ ਮੋੜੀ ਬੈਠੇ ਹਨ, ਇਹਨਾਂ ਦੇਸਾਂ ਵਲ ਤਿਜਾਰਤੀ ਮੁਹਾਣਾ ਮੋੜਨ ਦਾ ਮਤਲਬ ਇਹ ਹੈ, ਕਿ ਨਾ ਕੇਵਲ ਅਸੀਂ ਅਮਰੀਕਨ ਮੰਡੀ ਦੀ ਮੁਥਾਜੀ ਵਿਚੋਂ ਨਿਕਲ ਜਾਂਦੇ ਹਾਂ ਸਗੋਂ ਦੇਸੋਂ ਬਾਹਰ ਦੀ ਮੰਡੀ ਨੂੰ ਹੋਰ ਭੀ ਮੋਕਲਾ ਕਰ ਲੈਂਦੇ ਹਾਂ। ਦੇਸ਼ ਦੇ ਅੰਦਰ ਮੰਡੀ ਪੈਦਾ ਕਰਨ ਤੇ ਬਾਹਰ ਮੰਡੀ ਨੂੰ ਫੈਲਾਉਣ ਵਿਚ ਫੇਲ

ਹੋਣ ਦਾ ਨਤੀਜਾ ਇਹ ਹੈ, ਕਿ ਅਸੀਂ ਪਹਿਲੇ ਪੰਜ ਸਾਲਾ ਪਲੈਨ ਦੀ ਪੈਦਾਵਾਰ ਦੇ ਦਾਈਏ ਨੂੰ ਹਥ ਨਹੀਂ ਲਾ ਸਕੇ, ਉਹ ਮੌਜੂਦ ਵਿਤਾਂ ਨੂੰ ਪੂਰਾ ਪੂਰਾ ਵਰਤਣ ਨਾਲ ਹੀ ਹੋ ਸਕਦਾ ਸੀ ਦਰਅਸਲ ਗਲ ਇਹ ਹੋਈ ਹੈ, ਕਿ ਪੈਦਾਵਾਰ ਵਿਚ ਸਕੀਮ ਅਨੁਸਾਰ ਕਾਟ ਹੋਈ ਹੈ।

ਚਾਹ ਤੇ ਰਬੜ ਆਦ ਦੇ ਬਾਗ ਭੀ ਅਣਗਿਣਤ ਨਫਿਆਂ ਤੇ ਹਿੰਦੁਸਤਾਨੀ ਮਜ਼ਦੂਰ ਦੀ ਗੈਰ ਇਨਸਾਨੀ ਲੁਟ ਦਾ ਸਾਧਨ ਹਨ, ਮਿਸਾਲ ਵਜੋਂ, ਚਾਹ ਦੇ ਬਾਗਾਂ ਦੇ ਬਰਤਾਨਵੀਂ ਮਾਲਕਾਂ ਨੇ ੧੯੫੪ ਦੇ ਪਹਿਲੇ ਗਿਆਰਾਂ ਮਹੀਨਿਆਂ ਵਿਚ ੪ ਕਰੋੜ ੩੫ ਲਖ ਰੁਪੈ ਦਾ ਨਫਾ ਦੇਸ ਤੋਂ ਬਾਹਰ ਭੇਜਿਆ ਹੈ।

ਇਹਨਾਂ ਕਾਰਨਾਂ ਨੂੰ ਮੁਖ ਰਖ ਕੇ ਕਮਿਊਨਿਸਟ ਪਾਰਟੀ ਤਜਵੀਜ਼ ਕਰਦੀ ਹੈ, ਕਿ ਪਲੈਨ ਨੂੰ ਸ਼ੁਰੂ ਕਰਨ ਲਈ ਮੈਂਗੇਨੀਜ਼, ਸੋਨੇ, ਤਾਂਬੇ ਤੇ ਕੋਇਲੇ ਦੀਆਂ ਕੁਲ ਕਾਨਾਂ ਤੇ ਬਰਤਾਨਵੀਂ ਮਾਲਕੀ ਜਾਂ ਇੰਤਜ਼ਾਮ ਹੇਠ ਤਮਾਮ ਪਟਸਨ ਦੀਆਂ ਮਿਲਾਂ ਤੇ ਬਾਗ, ਬਦੇਸ਼ੀ ਬੈਂਕ ਤੇ ਬੀਮਾਂ ਕੰਪਣੀਆਂ ਫੌਰਨ ਕੌਮੀ ਬਣਾ ਲਈਆਂ ਜਾਣ, ਆਪਣੀ ਜਹਾਜ਼ ਸਾਜ਼ੀ ਦੀ ਸਨਅਤ ਤੇ ਜਹਾਜ਼ਾਂ ਵਿਚ ਭਾਰ ਲੱਦਣ ਦੀ ਵਿੱਤ ਜਲਦੀ ਵਧਾ ਕੇ ਸਮੁੰਦਰੀ ਜਹਾਜ਼ ਰਾਨੀ ਵਿਚੋਂ ਬਦੇਸ਼ੀ ਅਜਾਰੇਦਾਰੀ ਖਤਮ ਕਰਨੀ ਚਾਹੀਦੀ ਹੈ।

ਜਦ ਤਕ ਬੁਨਿਆਦੀ ਤੇ ਮਸ਼ੀਨਾਂ ਬਣੌਣ ਦੀਆਂ ਸਨਅਤਾਂ ਤਰੱਕੀ ਨਹੀਂ ਕਰ ਜਾਂਦੀਆਂ, ਮੌਜੂਦਾ ਸਨਅਤਾਂ ਵਿਚ ਰੇਸ਼ਨੇ ਲਾਈਜ਼ੇਸ਼ਨ ਕਰਨ ਲਈ ਨਵੀਆਂ ਮਸ਼ੀਨਾਂ ਨਾ ਲਾਈਆਂ ਜਾਣ, ਖਪਤ ਦੇ ਮਾਲ ਦੀ ਮੰਗ ਪੂਰਿਆਂ ਕਰਨ ਲਈ, ਜਿਥੋਂ ਤਕ ਹੋ ਸਕੇ, ਮੌਜੂਦਾ ਸਨਅਤਾਂ ਦੇ ਸਾਰੇ ਵਿਤ ਨੂੰ ਵਰਤੋਂ ਵਿਚ ਲਿਆਂਦਾ ਜਾਏ ਤੇ ਛੋਟੇ ਮੋਟੇ ਕਾਰਖਾਨਿਆਂ ਤੇ ਘਰੋਗੀ ਸਨਅਤ ਨੂੰ ਤਰੱਕੀ ਦਿਤੀ ਜਾਏ ਤੇ ਇਹਨਾਂ ਦੀ ਮਦਦ ਕੀਤੀ

ਜਾਏ, ਛੋਟੇ ਕਾਰਖਾਨਿਆਂ ਤੇ ਘਰੋਗੀ ਸਨਅਤ ਤੋਂ ਪੂਰਾ ਫਾਇਦਾ ਉਠਾਉਣ ਵਾਸਤੇ ਇਹਨਾਂ ਨੂੰ ਮਦਦ ਅਤੇ ਟੈਕਸਾਂ ਤੇ ਮਸੂਲਾਂ ਵਿਚ ਛੋਟ ਦੇ ਕੇ ਨ ਸਿਰਫ ਅਜਾਰੇਦਾਰਾਂ ਦੇ ਮੁਕਾਬਲੇ ਤੋਂ ਹੀ ਬਚਾਇਆ ਜਾਏ, ਸਗੋਂ ਉਹਨਾਂ ਦੇ ਮਾਲ ਵਾਸਤੇ ਮੰਡੀ ਦੀ ਗਾਰੰਟੀ ਕੀਤੀ ਜਾਵੇ, ਇਹ ਤਦ ਹੋ ਸਕਦਾ ਹੈ ਜੇ ਸਰਕਾਰੀ ਤੇ ਨੀਮ ਸਰਕਾਰੀ ਅਦਾਰੇ ਆਪਣੇ ਸਟੋਰਾਂ ਵਾਸਤੇ ਇਹਨਾਂ ਦਾ ਮਾਲ ਖਰੀਦਨ, ਇਹਨਾਂ ਨੂੰ ਮੰਡੀ ਦੇ ਮੌਕੇ ਦਿਤੇ ਜਾਣ ਤੋਂ ਅਲਾਵਾ ਇਹਨਾਂ ਲਈ ਕਰਜ਼ਾ ਲੈਣ ਦੀਆਂ ਸਹੂਲਤਾਂ ਪੈਦਾ ਕਰਨੀਆਂ ਤੇ ਕੱਚਾ ਮਾਲ ਸਸਤੇ ਭਾਅ ਦੇਣਾ ਚਾਹੀਦਾ ਹੈ।

ਬਦੇਸ਼ੀ ਤਿਜਾਰਤ

ਬਦੇਸ਼ੀ ਤਿਜਾਰਤ ਸਾਡੀ ਕੌਮੀ ਆਰਥਕਤਾ ਦੇ ਜ਼ਰੂਰੀ ਪੱਖਾਂ ਵਿਚੋਂ ਇਕ ਹੈ। ਸਾਡੀ ਬਦੇਸ਼ੀ ਤਿਜਾਰਤ ਉਤੇ ਬਰਤਾਨਵੀ ਅਜਾਰੇਦਾਰਾਂ ਦਾ ਕਬਜ਼ਾ ਹੋਣ ਕਰ ਕੇ, ਇਹ ਜ਼ਿਆਦਾਤਰ ਸਾਮਰਾਜੀ ਦੇਸ਼ਾਂ, ਖ਼ਾਸ ਕਰ ਬਰਤਾਨੀਆਂ ਤੇ ਅਮਰੀਕਾ ਨਾਲ ਹੀ ਕੀਤੀ ਜਾਂਦੀ ਹੈ। ਨਤੀਜਾ ਇਹ ਰਿਹਾ ਹੈ ਕਿ ਹਿੰਦੁਸਤਾਨ ਉਪਰ ਤਿਜਾਰਤ ਦੀਆਂ ਨਾ ਬਰਾਬਰ ਸ਼ਰਤਾਂ ਮੜ੍ਹੀਆਂ ਜਾਂਦੀਆਂ ਹਨ ਤੇ ਸਾਡੀ ਦੌਲਤ ਲੁਟੀ ਜਾਂਦੀ ਹੈ। ਸਾਡੇ ਕੱਚੇ ਮਾਲ ਦੀਆਂ ਕੀਮਤਾਂ ਘਟਾ ਦਿੱਤੀਆਂ ਗਈਆਂ ਹਨ, ਜਦੋਂ ਕਿ ਸਾਡੇ ਵਲੋਂ ਦਰਾਮਦ ਕੀਤੇ ਜਾਂਦੇ ਮਾਲ ਦੀਆਂ ਕੀਮਤਾਂ ਬਹੁਤੀਆਂ ਨਹੀਂ ਘਟੀਆਂ। ਇਸ ਨਾਲ ਸਾਡਾ ਕਿਸਾਨ ਕੰਗਾਲ ਹੋਇਆ ਹੈ ਤੇ ਸਾਡਾ ਅਰਥ-ਚਾਰਾ ਕਮਜ਼ੋਰ ਹੋਇਆ ਹੈ।

ਸਾਮਰਾਜੀਆਂ ਦੀ ਇਹ ਨੁਕਸਾਨ ਭਰੀ ਮੁਥਾਜੀ ਉਨਾਂ ਚਿਰ ਦੂਰ ਨਹੀਂ ਹੋ ਸਕਦੀ ਜਦ ਤੱਕ ਹਿੰਦੁਸਤਾਨ ਸੋਸ਼ਲਿਸਟ ਮੰਡੀ ਨਾਲ ਵੱਡੇ ਪੈਮਾਨੇ ਪੁਰ ਤਿਜਾਰਤ ਨਹੀਂ ਕਰਦਾ। ਇਹ

ਸਮਝਣਾ ਮੁਸ਼ਕਲ ਨਹੀਂ ਹੈ ਕਿ ਜਦ ਤਕ ਬਰਤਾਨਵੀ ਸਰਮਾਇਆ ਸਾਡੀ ਬਦੇਸ਼ੀ ਤਿਜਾਰਤ ਤੇ ਜਹਾਜ਼ਰਾਨੀ ਉਪਰ ਕੰਟਰੋਲ ਕਰਦਾ ਹੈ ਅਤੇ ਹਿੰਦੁਸਤਾਨੀ ਅਜਾਰੇਦਾਰਾਂ ਦੇ ਬਰਤਾਨਵੀ ਸਰਮਾਏ ਤੇ ਸਰਮਾਏਦਾਰ ਜਗਤ ਮੰਡੀ ਨਾਲ ਗਾਂਢੇ ਸਾਂਢੇ ਹਨ, ਸੋਸ਼ਲਿਸਟ ਮੰਡੀ ਨਾਲ ਤਿਜਾਰਤ ਕਰਨ ਦੀ ਮੁਜ਼ਾਹਮਤ ਕੀਤੀ ਜਾਵੇਗੀ।

ਉਪਰਲੀ ਹਾਲਤ ਪੁਰ ਤਦ ਹੀ ਕਾਬੂ ਪਾਇਆ ਜਾ ਸਕਦਾ ਹੈ ਤੇ ਭਿੰਨ ਭਿੰਨ ਦੇਸਾਂ ਨਾਲ ਪਰਸਪਰ ਫਾਇਦੇ ਦੀ ਤਿਜਾਰਤ ਵਧਾਈ ਜਾ ਸਕਦੀ ਹੈ ਜੇ ਸਰਕਾਰ ਸਾਰੀ ਨੂੰ ਨਹੀਂ ਤਾਂ ਘਟੋ ਘਟ ਵੱਡੀਆਂ ਵੱਡੀਆਂ ਜਿਨਸਾਂ ਦੀ ਬਦੇਸ਼ੀ ਤਿਜਾਰਤ ਨੂੰ ਆਪਣੇ ਹੱਥ ਵਿਚ ਲਏ, ਪਰ ਪਾਕਿਸਤਾਨ ਨਾਲ ਗੂਹੜੇ ਆਰਥਕ ਤੇ ਹੋਰ ਸੰਬੰਧ ਹੋਣ ਕਰ ਕੇ ਤਿਜਾਰਤ ਨੂੰ ਸਰਕਾਰ ਆਪਣੇ ਹੱਥ ਨਾ ਲਵੇ।

ਬਦੇਸ਼ੀ ਤਿਜਾਰਤ ਵਿਚ ਸਰਕਾਰੀ ਅਜਾਰੇਦਾਰੀ ਸਾਡੀ ਸਰਕਾਰ ਨੂੰ ਖ਼ਾਸ ਤੌਰ ਪੁਰ ਇਸ ਯੋਗ ਬਣਾ ਦੇਵੇਗੀ, ਕਿ ਉਹ ਐਨ ਪਲਾਨ ਕੀਤੀ ਹੋਈ ਆਰਥਕਤਾ ਵਾਲੀ ਸੋਸ਼ਲਿਸਟ ਮੰਡੀ ਦੇ ਮੁਲਕਾਂ ਨਾਲ ਲੰਮੀ ਮਿਆਦ ਵਾਲੇ ਤਿਜਾਰਤੀ ਇਕਰਾਰਨਾਮੇ ਕਰੇ। ਇਹਨਾਂ ਇਕਰਾਰਨਾਮਿਆਂ ਨਾਲ ਸਾਡੇ ਬਹੁਤ ਸਾਰੇ ਮਾਲ ਦੀ ਗਾਰੰਟੀ ਹੋ ਜਾਂਦੀ ਹੈ ਤੇ ਇਸ ਦੇ ਬਦਲੇ ਵਿਚ ਸਾਡੀ ਆਰਥਕਤਾ ਦੀ ਉੱਨਤੀ ਵਾਸਤੇ ਲੋੜੀਂਦੀਆਂ ਮਸ਼ੀਨਾਂ ਤੇ ਜਿਨਸਾਂ ਮਿਲ ਜਾਇਆ ਕਰਨਗੀਆਂ। ਅਜੇਹੇ ਇਕਰਾਰਨਾਮਿਆਂ ਨਾਲ ਸਾਡੀ ਬਦੇਸ਼ੀ ਤਿਜਾਰਤ ਦੀ ਆਜ਼ਾਦੀ ਤੇ ਪਕਿਆਈ ਯਕੀਨੀ ਹੋ ਜਾਂਦੀ ਹੈ। ਹਿੰਦੁਸਤਾਨ ਦੀ ਬਦੇਸ਼ੀ ਤਿਜਾਰਤ ਨੂੰ ਸੰਕਟਾਂ ਦੀ ਮਾਰੀ ਸਰਮਾਏਦਾਰ ਜਗਤ ਮੰਡੀ ਦੇ ਪੰਜੇ ਵਿਚੋਂ ਬਚਾਉਣਾ ਚਾਹੀਦਾ ਹੈ ਤੇ ਆਰਥਕ ਉੱਨਤੀ ਤੇ ਖਾਸਕਰ ਸਨਅਤਸਾਜ਼ੀ ਦੀਆਂ ਲੋੜਾਂ ਨੂੰ ਮੁਖ ਰੱਖ ਕੇ ਇਸ ਦਾ ਮੁਹਾਣ

ਮੋੜਨਾ ਤੇ ਇਸ ਨੂੰ ਆਜ਼ਾਦ ਲਾਈਨਾਂ ਪੁਰ ਚਲਾਉਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਦੇਸੀ ਤਿਜਾਰਤ ਵਿਚ ਸਰਕਾਰ ਦੀ ਅਜਾਰੇਦਾਰੀ ਨਾਲ ਇਸ ਤੋਂ ਹੋਇਆ ਨਫ਼ਾ ਸਰਕਾਰ ਦੇ ਪਾਸ ਰਿਹਾ ਕਰੇਗਾ, ਜੋ ਦੇਸ ਦੀ ਆਰਥਕ ਉੱਨਤੀ ਵਾਸਤੇ ਵਰਤਿਆ ਜਾ ਸਕਦਾ ਹੈ। ਅੱਜ ਤਾਂ ਸਾਡੀ ਬਦੇਸ਼ੀ ਤਿਜਾਰਤ ਤੋਂ ਕਮਾਏ ਹੋਏ ਬਹੁਤ ਸਾਰੇ ਮੁਨਾਫ਼ੇ ਬਦੇਸ਼ੀ ਮਾਲਕ ਹਿਸਾਬ ਦੀਆਂ ਕਿਤਾਬਾਂ ਵਿਚ ਹੀ ਨਹੀਂ ਚਾਹੜਦੇ ਤੇ ਉਹ ਸਿਧੇ ਹੀ ਉਹਨਾਂ ਦੇ ਆਪਣੇ ਦੇਸਾਂ ਵਿਚ ਮੌਜੂਦ ਦਫ਼ਤਰਾਂ ਵਿਚ ਪੁਜ ਜਾਂਦੇ ਹਨ।

ਇਸ ਸਿਲਸਿਲੇ ਵਿਚ ਇਹ ਯਾਦ ਰਖਣਾ ਜ਼ਰੂਰੀ ਹੈ ਕਿ ਜੋ ਕੁਝ ਅਸੀਂ ਚਾਹ, ਖੱਲਾਂ ਤੇ ਚਮੜਾ ਆਦਿ ਬਰਤਾਨੀਆਂ ਨੂੰ ਭੇਜਦੇ ਹਾਂ. ਉਹ ਉਥੋਂ ਅਗਾਂਹ ਹੋਰਨਾਂ ਦੇਸਾਂ ਨੂੰ ਵੇਚ ਦਿੱਤਾ ਜਾਂਦਾ ਹੈ। ਬਦੇਸ਼ੀ ਤਿਜਾਰਤ ਵਿਚ ਸਰਕਾਰੀ ਅਜਾਰੇਦਾਰੀ ਉਨ੍ਹਾਂ ਨੂੰ ਇਥੋਂ ਸਿੱਧਾ ਮਾਲ ਭੇਜਣਾ ਯਕੀਨੀ ਬਣਾ ਦੇਵੇਗੀ। ਜਿਨ੍ਹਾਂ ਨੂੰ ਹੁਣ ਬਰਤਾਨੀਆਂ ਵਿਚ ਜਾ ਕੇ ਮੁੜ ਮਾਲ ਪਹੁੰਚਦਾ ਹੈ ਤੇ ਇਸ-ਤਰ੍ਹਾਂ ਬਰਤਾਨਵੀ ਵਿਚੋਲਿਆਂ ਦੀਆਂ ਅੰਨੀਆਂ ਖੱਟੀਆਂ ਹਿੰਦੁਸਤਾਨ ਨੂੰ ਬਚ ਰਹਿਣਗੀਆਂ।

ਉਪਰਲੇ ਕਾਰਨਾਂ ਕਰ ਕੇ ਕਮਿਊਨਿਸਟ ਪਾਰਟੀ ਵੱਡੀਆਂ ਵੱਡੀਆਂ ਜਿਨਸਾਂ ਤੇ ਮਾਲ ਦੀ ਤਿਜਾਰਤ ਵਿਚ ਸਰਕਾਰੀ ਅਜਾਰੇਦਾਰੀ ਦਾ ਮਤਾਲਬਾ ਕਰਦੀ ਹੈ ਇਸ ਵਿਚ ਪਾਕਿਸਤਾਨ ਨਾਲ ਹੋ ਰਹੀ ਜਾਇਜ਼ ਤਿਜਾਰਤ ਨੂੰ ਨਾ ਰੋਕਿਆ ਜਾਏ। ਪਾਰਟੀ ਦਾ ਵਿਸ਼ਵਾਸ਼ ਹੈ ਕਿ ਇਸ ਨੂੰ ਪਲੈਨ ਦਾ ਬਹੁਤ ਜ਼ਰੂਰੀ ਅੰਗ ਬਣਾਉਣਾ ਚਾਹੀਦਾ ਹੈ।

ਮਸੂਲ ਚੁੰਗੀ ਤੇ ਸਨਅਤੀ ਰਖਿਆ

ਇਹ ਬਹੁਤ ਹੀ ਜ਼ਰੂਰੀ ਹੈ ਕਿ ਸਾਡੀ ਕੌਮੀ ਸਨਅਤ ਨੂੰ

ਬਦੇਸ਼ੀ ਮੁਕਾਬਲੇ ਤੋਂ ਬਚਾਇਆ ਜਾਵੇ । ਕਿਉਂਕਿ ਬਦੇਸ਼ੀ ਮੁਕਾਬਲੇ ਦਾ ਅਜੇ ਭੀ ਬਹੁਤ ਖ਼ਤਰਾ ਹੈ। ਗੌਰਮਿੰਟ ਦੀ ਮਾਲ ਨੂੰ ਬਾਹਰ ਭੇਜਣ ਤੇ ਮੰਗਾਉਣ ਦੀ ਪਾਲਿਸੀ ਪਲੈਨ ਬਣਾਉਣ ਨਾਲ ਬਹੁਤ ਘੱਟ ਵਾਰਾ ਖਾਂਦੀ ਹੈ । ਬਾਹਰੋਂ ਮਾਲ ਮੰਗਵਾਉਣ ਦੇ ਲਾਇਸੰਸ ਅਜਾਰੇਦਾਰਾਂ ਨੂੰ ਮੁਨਾਫ਼ੇ ਕਮਾਉਣ ਲਈ ਖੁਲ੍ਹ ਦਿਲੀ ਨਾਲ ਦਿਤੇ ਜਾ ਰਹੇ ਹਨ ਅਤੇ ਮਾਲ ਭੇਜਣ ਦੀ ਮਿਕਦਾਰ ਤੋਂ ਸਹਿਜੇ ਸਹਿਜੇ ਪਾਬੰਦੀਆਂ ਚੁਕੀਆਂ ਜਾ ਰਹੀਆਂ ਹਨ। ਤਿਜਾਰਤ ਤੇ ਸਨਅਤਾਂ ਦੀ ਵਜ਼ਾਰਤ ਦੇ ਬਿਆਨਾਂ ਤੋਂ ਸਿਧ ਹੁੰਦਾ ਹੈ ਕਿ ਗੌਰਮਿੰਟ ਕੌਮੀ ਸਨਅਤਾਂ ਦੀ ਰਖਿਆ ਦੇ ਨੁਕਤੇ ਤੋਂ ਬਾਹਰਲੇ ਮਾਲ ਉਪਰ ਮਸੂਲ ਲਾਉਣ ਦੀ ਪਾਲਿਸੀ ਨੂੰ ਛੱਡ ਦੇਵੇਗੀ । ਉਹਨਾਂ ਦਾ ਖ਼ਿਆਲ ਹੈ ਕਿ ਮਸੂਲ ਕੇਵਲ ਸਰਕਾਰੀ ਆਮਦਨ ਵਾਸਤੇ ਹੀ ਲਾਇਆ ਜਾਂਦਾ ਹੈ।

ਇਹ ਯਾਦ ਰਖਣ ਵਾਲੀ ਗਲ ਹੈ, ਕਿ ਇਹ ਸਭ ਕੁਝ ਐਨ ਉਸ ਵੇਲੇ ਹੋ ਰਿਹਾ ਹੈ, ਜਦ ਬਰਤਾਨੀਆਂ ਤੇ ਅਮਰੀਕਾ ਆਪਣਾ ਮਾਲ ਬਾਹਰ ਲਾਉਣ ਲਈ ਸਿਰਤੋੜ ਕੋਸ਼ਿਸ਼ ਕਰ ਰਹੇ ਹਨ,ਇਹ ਗਲ ਭੀ ਬੜੀ ਮਹਾਨ ਹੈ ਕਿ ਛੋਟੇ ਬਪਾਰੀ, ਕਾਰੋਬਾਰੀ ਆਦਮੀ ਤੇ ਸਨਅਤਕਾਰ ਗੌਰਮਿੰਟ ਦੀ ਬਾਹਰੋਂ ਆਏ ਮਾਲ ਬਾਰੇ ਧਾਰਨ ਕੀਤੀ ਪਾਲਿਸੀ ਦੀ ਖੁਲਮ ਖੁਲਾ ਨੁਕਤਾਚੀਨੀ ਕਰਦੇ ਹਨ, ਜੋ ਦੇਸੀ ਮਾਲ ਦੇ ਮੁਕਾਬਲੇ ਵਿਚ ਬਦੇਸ਼ੀ ਮਾਲ ਦੀ ਸਸਤਾਈ ਤੋਂ ਤੰਗ ਹਨ।

ਕਮਿਊਨਿਸਟ ਪਾਰਟੀ ਮੁਤਾਲਬਾ ਕਰਦੀ ਹੈ, ਕਿ ਗੌਰਮਿੰਟ ਦੀ ਮਾਸੂਲ ਲਾਉਣ ਦੀ ਪਾਲਿਸੀ 'ਸਨਅਤ ਦੀ ਰਖਿਆ' ਤੇ ਆਮਦਨੀ, ਦੋਹਾਂ ਨੁਕਤਿਆਂ ਤੋਂ ਹੋਣੀ ਚਾਹੀਦੀ ਹੈ, ਸਾਡਾ ਇਹ ਭੀ ਮੁਤਾਲਬਾ ਹੈ, ਕਿ ਬਾਹਰੋਂ ਐਣ ਵਾਲੇ ਮਾਲ ਦੀਆਂ ਕੁਝ ਕਿਸਮਾਂ ਉਤੇ ਮਿਕਦਾਰ ਦੀ ਹਦ ਮੁਕੱਰਰ ਕਰ ਦਿਤੀ

ਜਾਏ, ਜਿਸ ਨਾਲ ਬਦੇਸ਼ੀ ਮਾਲ ਨਾਲ ਵਟਾਂਦਰੇ ਦੇ ਸੋਮਿਆਂ ਦੀ ਨਾਜਾਇਜ਼ ਵਰਤੋਂ ਰੁਕ ਜਾਏ, ਦੇਸ ਵਿਚ ਐਸ਼ ਇਸ਼ਰਤ ਦਾ ਸਾਮਾਨ ਤੇ ਹੋਰ ਚੀਜ਼ਾਂ ਨੂੰ, ਜੇ ਉਕਾ ਬੰਦ ਨਹੀਂ ਕਰਨਾ ਤਾਂ ਘਟੋ ਘਟ ਬਹੁਤ ਹੀ ਥੋਹੜਾ ਔਣ ਦਿਤਾ ਜਾਏ, ਕਿਉਂਕਿ ਇਨ੍ਹਾਂ ਦੀ ਦੇਸ ਦੀ ਉਨਤੀ ਲਈ ਸਵਾਏ ਅਮੀਰ ਲੋਕਾਂ ਦੇ ਆਮ ਲੋਕਾਂ ਲਈ ਕੋਈ ਖਾਸ ਲੋੜ ਨਹੀਂ, ਜੇ ਇਹ ਮੰਗਵਾਉਣੀਆਂ ਹੀ ਹੋਣ ਤਾਂ ਨਾ ਕੇਵਲ ਬਹੁਤ ਹੀ ਘਟ ਮੰਗਵੌਣੀਆਂ ਚਾਹੀਦੀਆਂ ਹਨ ਸਗੋਂ, ਇਹਨਾਂ ਪੁਰ ਭਾਰੀ ਮਾਸੂਲ ਲਾਉਣਾ ਚਾਹੀਦਾ ਹੈ। ਦੇਸੀ ਸਨਅਤਾਂ ਦੀ ਰਖਿਆ ਇਹ ਮੰਗ ਕਰਦੀ ਹੈ, ਕਿ ਬਦੇਸ਼ੀ ਮੁਕਾਬਲੇ ਨੂੰ, ਜੋ ਸਾਡੇ ਆਪਣੇ ਦੇਸ ਅੰਦਰੋਂ ਹੀ ਬਦੇਸ਼ੀ ਕਾਰਖਾਨਿਆਂ ਤੇ ਕਾਰੋਬਾਰਾਂ ਵਿਚੋਂ ਪੈਦਾ ਹੁੰਦਾ ਹੈ, ਜਿਸ ਤਰ੍ਹਾਂ ਕਿ ਲੀਵਰ ਬਰਦਰਜ਼, ਰੋਕਿਆ ਜਾਏ ਤੇ ਉਕਾ ਖਤਮ ਕਰ ਦਿਤਾ ਜਾਏ।

ਜ਼ਮੀਨੀ ਮਸਲੇ ਬਾਰੇ

ਕਮਿਊਨਿਸਟ ਪਾਰਟੀ ਖੇਤੀ ਤੇ ਕਿਸਾਨੀ ਮਸਲਿਆਂ ਨੂੰ ਸਭ ਤੋਂ ਵਧ ਵਿਸ਼ੇਸ਼ਤਾ ਦਿੰਦੀ ਹੈ, ਜੋ ਦੇਸ਼ ਦੇ ਜੀਵਨ ਵਾਸਤੇ ਮੁਢਲੀ ਮਹਾਨਤਾ ਰਖਦੇ ਹਨ। ਕਿਸਾਨਾਂ ਨੂੰ ਪੀਸ ਰਹੀ ਗ਼ਰੀਬੀ ਨਾ ਸਿਰਫ ਖੇਤੀ ਦੀ ਉਨਤੀ ਨੂੰ ਰੋਕਦੀ ਹੈ, ਸਗੋਂ ਅੰਦਰੂਨੀ ਮੰਡੀ ਨੂੰ ਘਟੋ ਘਟ ਮਾਲ ਦੀ ਖਪਤ ਲਈ ਵੀ ਭੀੜਿਆਂ ਕਰਦੀ ਹੈ। ਕਿਸਾਨਾਂ ਦੀ ਗ਼ਰੀਬੀ ਤੇ ਤਬਾਹੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਲਖਾਂ ਹਜ਼ਾਰਾਂ ਕਿਸਾਨ ਰੋਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਨੂੰ ਜਾਂਦੇ ਹਨ। ਇਸ ਨਾਲ ਬੇਕਾਰਾਂ ਦੀ ਫੌਜ ਵਿਚ ਬਹੁਤ ਹੀ ਵਾਧਾ ਹੋ ਰਿਹਾ ਹੈ, ਮਜ਼ਦੂਰਾਂ ਦੀਆਂ ਉਜਰਤਾਂ ਡਿਗ ਰਹੀਆਂ ਹਨ ਤੇ ਇਸ ਤਰ੍ਹਾਂ ਲੋਕਾਂ ਦਾ ਜੀਵਨ ਮਿਆਰ ਉਚਾ ਹੋਣਾ ਮੁਸ਼ਕਲ ਹੋ ਰਿਹਾ ਹੈ। ਸਾਡੀ ਕੌਮ ਦੀ ਉੱਨਾ ਚਿਰ ਕਲਚਰਲ ਤਰੱਕੀ ਨਹੀਂ ਹੋ ਸਕਦੀ, ਜਦ ਤਕ ਸਾਡੀ ਕਰੋੜਾਂ

ਦੀ ਗਿਣਤੀ ਵਿਚ ਕਿਸਾਨ ਜਨਤਾ ਨੀਮ ਭੁਖ ਦੀ ਹਾਲਤ ਵਿਚ ਦਿਨ ਕਟ ਰਹੀ ਹੈ ਤੇ ਜੋ ਆਪਣੇ ਬਚਿਆਂ ਨੂੰ ਪੜ੍ਹਾਉਣ ਤੋਂ ਭੀ ਆਤੁਰ ਹੈ।

ਆਮ ਤੌਰ ਪੁਰ ਸਾਡੀ ਆਰਥਕਤਾ ਤੇ ਖ਼ਾਸ ਤੌਰ ਪੁਰ ਸਨਅਤ ਸਾਜ਼ੀ ਦਾ ਵਾਧਾ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿਸਾਨ ਜਨਤਾ ਦਾ ਜੀਵਨ ਮਿਆਰ ਉਤਾਂਹ ਚੁਕਿਆ ਨਹੀਂ ਜਾਂਦਾ ਤੇ ਖੇਤੀ ਅੰਦਰ ਕੋਈ ਬੜਾ ਉਭਾਰ ਨਹੀਂ ਔਂਦਾ, ਇਹ ਸਭ ਕੁਝ ਜਮਹੂਰੀ ਜ਼ਮੀਨੀ ਸੁਧਾਰ ਮੰਗਦਾ ਹੈ ਤੇ ਸਭ ਤੋਂ ਜ਼ਿਆਦਾ ਇਹ ਕਿ ਜ਼ਮੀਨ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਨੂੰ ਵੰਡ ਦਿਤੀ ਜਾਏ।

ਇਸ ਲਈ ਪਾਰਟੀ ਮੁਤਾਲਬਾ ਕਰਦੀ ਹੈ, ਕਿ ਜ਼ਮੀਨੀ ਮਾਲਕੀ ਦੀ ਫੌਰਨ ਹੱਦ ਮੁਕੱਰਰ ਕਰ ਦਿਤੀ ਜਾਏ। ਇਹ ਹਕ ਅਲਾਕੇ ਵਾਰ ਅਲਗ ਅਲਗ ਹੋਵੇ ਤੇ ਕਿਸੇ ਇਕ ਅਲਾਕੇ ਵਿਚ ਵੀ ਜ਼ਮੀਨ ਦੀ ਕਿਸਮ ਤੇ ਬੀਜੀ ਜਾ ਰਹੀ ਫਸਲ ਵਾਰ ਜੁਦਾ ਜੁਦਾ ਹੋਵੇ, ਜ਼ਮੀਨ ਦੀ ਹੱਦ ਮੁਕੱਰਰ ਕਰਨ ਲਗਿਆਂ ਇਸ ਅਸੂਲ ਦਾ ਧਿਆਨ ਰਖਿਆ ਜਾਏ, ਕਿ ਕਿਸਾਨਾਂ ਨੂੰ ਵੰਡਣ ਲਈ ਵਧ ਤੋਂ ਵਧ ਜ਼ਮੀਨ ਸਰਕਾਰ ਦੇ ਹਥ ਆ ਜਾਵੇ, ਨਾਲੇ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਉਹ ਕਿਸਾਨ ਜ਼ਮੀਨ ਤੋਂ ਵਾਂਝੇ ਨਾ ਰਹਿ ਜਾਣ ਜੋ ਆਪਣੀ ਹਥੀਂ ਤੇ ਆਪਣੇ ਟੱਬਰਾਂ ਦੀ ਸਹੈਤਾ ਨਾਲ ਵਾਹੀ ਕਰਦੇ ਹਨ, ਜਾਂ ਉਹ ਜੋ ਆਪ ਵੀ ਤੇ ਮਜੂਰਾਂ ਨੂੰ ਨਾਲ ਲੈ ਕੇ ਭੀ ਵਾਹੀ ਕਰਦੇ ਹਨ, ਜਾਗੀਰ-ਦਾਰਾਂ ਤੇ ਜ਼ਿਮੀਂਦਾਰਾਂ ਵਾਂਗੂੰ ਨਹੀਂ, ਜੋ ਨਾਂ ਆਪ ਤੇ ਨਾਂ ਉਹਨਾਂ ਦੇ ਟੱਬਰ ਹਥੀਂ ਕੁਝ ਕਰਦੇ ਹਨ।

ਮੁਕੱਰਰ ਹੱਦ ਨੂੰ ਅਮਲ ਵਿਚ ਲਿਆਉਣ ਲਗਿਆਂ, ਜਾਗੀਰਦਾਰਾਂ ਦੀਆਂ ਚਾਲਾਕੀਆਂ ਨੂੰ ਭਾਂਜ ਦੇਣੀ ਜ਼ਰੂਰੀ ਹੈ,

ਜਿਨ੍ਹਾਂ ਨੇ ਅਜ ਕਲ ਆਪਣੇ ਟੱਬਰਾਂ ਤੇ ਰਿਸ਼ਤੇਦਾਰਾਂ ਵਿਚ ਜ਼ਮੀਨ ਦੀਆਂ ਝੂਠੀਆਂ ਤਕਸੀਮਾਂ ਕੀਤੀਆਂ ਹਨ, ਇਸ ਲਈ ਅਜੇਹੇ ਕਾਨੂੰਨ ਬਨੌਣੇ ਚਾਹੀਦੇ ਹਨ, ਕਿ ਜਾਇਦਾਦ ਦੀ ਅਜੇਹੀ ਤਕਸੀਮ ਨੂੰ ਨਾਜਾਇਜ਼ ਕਰਾਰ ਦਿਤਾ ਜਾਏ, ਜੋ ਉਹਨਾਂ ਨੇ ਵੰਡੀ ਜਾਣ ਤੋਂ ਬਚਣ ਲਈ ਪਿਛਲੇ ਸਾਲਾਂ ਵਿਚ ਤਕਸੀਮ ਕਰ ਛਡੀ ਹੈ।

ਸਿਰਫ ਇਹੀ ਜ਼ਰੂਰੀ ਨਹੀਂ ਹੈ ਕਿ ਕਿਸਾਨਾਂ ਨੂੰ ਜਾਗੀਰਦਾਰਾਂ ਦੀਆਂ ਜ਼ਮੀਨਾਂ ਉਤੇ ਮੁਸਤਕਿਲ ਦਖੀਲਕਾਰ ਬਣਾ ਦਿਤਾ ਜਾਏ ਅਤੇ ਬੇਦਖਲੀ ਨੂੰ ਸਜ਼ਾ ਦਾ ਭਾਗੀ ਫੌਜਦਾਰੀ ਜੁਰਮ ਬਣਾ ਦਿਤਾ ਜਾਏ, ਸਗੋਂ ਉਹਨਾਂ ਕਿਸਾਨਾਂ ਨੂੰ ਉਹਨਾਂ ਜ਼ਮੀਨਾਂ ਉਤੇ ਮੁੜ ਬਹਾਲ ਕੀਤਾ ਜਾਏ, ਜਿਥੋਂ ਜਾਗੀਰਦਾਰਾਂ ਨੇ ਉਹਨਾਂ ਨੂੰ ਭਾਰੀ ਗਿਣਤੀ ਵਿਚ ਬੇਦਖਲ ਕਰ ਛਡਿਆ ਹੈ।

ਜ਼ਮੀਨ ਦੀ ਮਾਲਕੀ ਦੀ ਹਦ ਬਨਣ ਦੇ ਨਾਲ ਹੀ ਨਾਲ, ਸਰਕਾਰ ਤੇ ਜਾਗੀਰਦਾਰਾਂ ਦੇ ਕਬਜ਼ੇ ਵਿਚ ਪਈ ਕਾਬਲ ਕਾਸ਼ਤ ਬੰਜਰ ਜ਼ਮੀਨ ਫੌਰਨ ਵੰਡ ਦਿਤੀ ਜਾਏ, ਇਹ ਭੀ ਬਹੁਤ ਜ਼ਰੂਰੀ ਹੈ, ਕਿ ਜਾਗੀਰਦਾਰਾਂ ਨੂੰ ਦਿਤੀ ਹੋਈ ਬੰਜਰ ਜ਼ਮੀਨ ਵਾਪਸ ਲੈ ਲਈ ਜਾਏ ਤੇ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਵਿਚ ਵੰਡੀ ਜਾਏ।

ਗ਼ਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਵੰਡ ਕੇ ਮਿਲ ਜਾਣ ਨਾਲ ਹੀ ਜ਼ਮੀਨ ਵੱਗ ਨਹੀਂ ਜਾਣੀ, ਸਰਮਾਇਆ ਚਾਹੀਦਾ ਹੈ, ਇਸ ਲਈ ਕਿ ਇਹਨਾਂ ਦੀਆਂ ਜ਼ਮੀਨਾਂ ਨੂੰ ਸਰਕਾਰੀ ਖਰਚ ਪੁਰ ਆਬਾਦ ਕਰਨ ਦਾ ਪ੍ਰੋਗਰਾਮ ਬਣਾਇਆ ਜਾਏ ਤੇ ਇਸ ਵਿਚ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਦਾ ਮਿਲਵਰਤਨ ਲੈਣਾ ਚਾਹੀਦਾ ਹੈ।

ਕਰਜ਼ੇ ਦੀਆਂ ਸਹੂਲਤਾਂ

ਲਗਾਨ ਵਿਚ ਕਾਫੀ ਹਦ ਤਕ ਕਮੀਂ ਹੋਣੀ ਚਾਹੀਦੀ ਹੈ ਸਾਡੀ ਖੇਤੀ ਪੱਕੀਆਂ ਨੀਹਾਂ ਪੁਰ ਨਹੀਂ ਹੋ ਸਕਦੀ ਤੇ ਕਿਸਾਨਾਂ ਦੇ ਜੀਵਨ ਮਿਆਰ ਵਿਚ ਪਾਏਦਾਰ ਤੇ ਇਕਸਾਰ ਵਾਧਾ ਨਹੀਂ ਹੋ ਸਕਦਾ, ਜੇ ਉਹਨਾਂ ਨੂੰ ਸ਼ਾਹੂਕਾਰ ਦੇ ਪੰਜੇ ਵਿਚੋਂ ਨਾ ਕਢਿਆ ਜਾਏ, ਭਾਵੇਂ ਇਹ ਫੈਸਲਾ ਕੀਤਾ ਗਿਆ ਹੈ, ਕਿ ਨਵਾਂ ਕੈਮ ਕੀਤਾ ਗਿਆ ਸਰਕਾਰੀ ਬੈਂਕ ਦਿਹਾਤੀ ਕਰਜ਼ਾ ਦੇਣ ਦੇ ਕੰਮ ਨੂੰ ਹਥ ਵਿਚ ਲਵੇਗਾ, ਪਰ ਇਸ ਮਤਲਬ ਵਾਸਤੇ ਜੋ ਫੰਡ ਮਨਜ਼ੂਰ ਕੀਤੇ ਗਏ ਹਨ, ਉਹ ਬਹੁਤ ਹੀ ਥੋਹੜੇ ਹਨ ਤੇ ਮਸਲੇ ਦੀ ਕੰਨੀ ਤਕ ਨਹੀਂ ਛੋਂਹਦੇ। ਅਸੀਂ ਮੁਤਾਲਬਾ ਕਰਦੇ ਹਾਂ, ਕਿ ਘਟੋ ਘਟ ਢਾਈ ਅਰਬ ਰੁਪਇਆ ਪਿੰਡਾਂ ਵਿਚ ਕਰਜ਼ਾ ਦੇਣ ਲਈ ਕਢਿਆ ਜਾਏ, ਅਸੀਂ ਇਹ ਭੀ ਮੁਤਾਲਬਾ ਕਰਦੇ ਹਾਂ ਕਿ ਸਰਕਾਰੀ ਬੈਂਕ ਖੁਦ ਆਪਣੀਆਂ ਬਰਾਂਚਾਂ ਰਾਹੀਂ ਸਿਧੇ ਹਥੀਂ ਆਪ ਪੇਂਡੂ ਕਰਜ਼ਾ ਦਿਆ ਕਰੇ, ਇਹ ਕਰਜ਼ਾ ਤਮਾਮ ਕਿਸਾਨਾਂ ਨੂੰ ਦਿਤਾ ਜਾਇਆ ਕਰੇ ਭਾਵੇਂ ਉਹ ਮਾਲਕ ਕਿਸਾਨ ਹੋਣ ਤੇ ਭਾਵੇਂ ਲਗਾਨ ਪੁਰ ਲੈ ਕੇ ਜ਼ਮੀਨ ਵਾਹੁਣ ਵਾਲੇ ਕਿਸਾਨ। ਕਰਜ਼ਾ ਵਾਹੀ ਦੀਆਂ ਜ਼ਰੂਰਤਾਂ ਨੂੰ ਮੁਖ ਰਖ ਕੇ ਦਿਤਾ ਜਾਏ ਤੇ ਜਾਇਦਾਦ ਦੀਆਂ ਜ਼ਮਾਨਤਾਂ ਦੀਆਂ ਸ਼ਰਤਾਂ ਪੁਰ ਨਾ ਦਿਤਾ ਜਾਏ।

ਕਰਜ਼ੇ ਦੀਆਂ ਸਹੂਲਤਾਂ ਨੂੰ ਵਧੌਣਾ ਹੀ ਕਾਫ਼ੀ ਨਹੀਂ ਹੈ, ਕਿਸਾਨਾਂ ਨੂੰ ਉਹਨਾਂ ਦੇ ਪਹਿਲੇ ਕਰਜ਼ੇ ਦੇ ਬੋਝ ਹੇਠੋਂ ਭੀ ਕਢਣਾ ਜ਼ਰੂਰੀ ਹੈ, ਜੋ ਹਿੰਦੁਸਤਾਨ ਦੇ ਰੀਜ਼ਰਵ ਬੈਂਕ ਦੇ ਹਸਾਬ ਨਾਲ ਵੀ ਨੌ ਅਰਬ ਰੁਪਇਆ ਬਣਦਾ ਹੈ, ਜਦ ਤਕ ਇਹ ਭਾਰਾ ਬੋਝ ਮੌਜੂਦ ਹੈ, ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਪੰਜਿਆਂ ਤੋਂ ਨਹੀਂ ਬਚਾਇਆ ਜਾ ਸਕਦਾ।

ਇਸ ਲਈ ਇਸ ਬੋਝ ਨੂੰ ਘਟੌਣ ਲਈ ਸਖਤ ਕਦਮ ਚੁਕਣੇ ਚਾਹੀਦੇ ਹਨ। ਇਸ ਤਰ੍ਹਾਂ ਕਰਜ਼ੇ ਘਟੌਣ ਤੋਂ ਬਾਅਦ ਜੋ ਰਕਮ ਬਚ ਜਾਏ, ਉਹ ਕਈ ਸਾਲਾਂ ਤਕ ਦੀਆਂ ਆਸਾਨ ਕਿਸ਼ਤਾਂ ਬਣਾ ਕੇ ਚੁਕਵਾਇਆ ਜਾਏ, ਕਮਿਊਨਿਸਟ ਪਾਰਟੀ ਮੁਤਾਲਬਾ ਕਰਦੀ ਹੈ ਕਿ ਇਸ ਕੰਮ ਲਈ ਲੋਕਾਂ ਵਿਚੋਂ ਹੀ ਕਰਜ਼ਾ ਮਸਾਲਹਤੀ ਬੋਰਡ ਬਣਾਏ ਜਾਣ।

ਕਮਿਊਨਿਸਟ ਪਾਰਟੀ ਮੰਗ ਕਰਦੀ ਹੈ ਕਿ ਜਦ ਤਕ ਇਹ ਕੁਝ ਕਰ ਨਹੀਂ ਲਿਆ ਜਾਂਦਾ ਸ਼ਾਹੂਕਾਰਾਂ ਤੇ ਜ਼ਿਮੀਂਦਾਰਾਂ ਦੇ ਕਿਸਾਨਾਂ ਸਿਰ ਕਰਜ਼ੇ ਦੀ ਵਸੂਲੀ ਨਾ ਕੀਤੀ ਜਾਏ।

ਕੋਆਪਰੇਟਵਾਂ ਬਾਰੇ

ਸਾਡੀ ਦਿਹਾਤੀ ਆਰਥਕਤਾ ਨੂੰ ਸੁਰਜੀਤ ਕਰਨ ਵਿਚ ਕੋਆਪਰੇਟਿਵ ਜਥੇਬੰਦੀਆਂ ਦਾ ਬੜਾ ਅਹਿਮ ਹਿੱਸਾ ਹੈ, ਕੋਆਪ-ਰੇਟਿਵਾਂ ਕਿਸਾਨਾਂ ਤੇ ਦਸਤਕਾਰਾਂ ਨੂੰ ਆਪਣੇ ਮਾਲ ਦੀ ਵਾਜਬੀ ਕੀਮਤ ਦਵੌਣ ਵਾਸਤੇ, ਉਹਨਾਂ ਦੀ ਵਰਤੋਂ ਦੀਆਂ ਚੀਜ਼ਾਂ ਪੁਰ ਵਾਜਬੀ ਕੀਮਤ ਖਰਚੌਣ ਤੇ ਸਸਤੇ ਕਰਜ਼ੇ ਦਾ ਬੰਦੋਬਸਤ ਕਰਨ ਲਈ ਬਹੁਤ ਜ਼ਰੂਰੀ ਹਨ, ਇਸ ਮਤਲਬ ਵਾਸਤੇ ਦੇਸ ਭਰ ਵਿਚ ਬੜੇ ਪੈਮਾਨੇ ਪੁਰ ਕੁਆਪਰੇਟਿਵਾਂ ਬਣੌਣੀਆਂ ਤੇ ਇਹਨਾਂ ਨੂੰ ਉਨਤ ਕਰਨਾ ਚਾਹੀਦਾ ਹੈ।

ਅਸਲੀ ਜ਼ਮੀਨੀ ਸੁਧਾਰ ਨ ਹੋਣ ਕਰਕੇ ਮੌਜੂਦਾ ਕੋਆਪਰੇਟਿਵ ਸੋਸਾਇਟੀਆਂ ਜਾਗੀਰਦਾਰਾਂ, ਸ਼ਾਹੂਕਾਰਾਂ ਤੇ ਵਪਾਰੀਆਂ ਦੀ ਸ਼ਿਕਾਰਗਾਹ ਬਣੀਆਂ ਹੋਈਆਂ ਹਨ। ਕੋਆਪ-ਰੇਟਿਵ ਸੋਸਾਇਟੀਆਂ, ਗ਼ਰੀਬ ਕਿਸਾਨਾਂ ਨੂੰ ਤਾਂ ਜ਼ਮਾਨਤ ਦਾ ਬੰਦੋਬਸਤ ਨਾਂ ਕਰ ਸਕਣ ਦੇ ਬਹਾਨੇ ਕਰਜ਼ਾ ਦਿੰਦੀਆਂ ਹੀ ਨਹੀਂ, ਨਤੀਜਾ ਇਹ ਹੈ, ਕਿ ਕੋਆਪਰੇਟਿਵਾਂ ਪੁਰ ਜਾਗੀਰਦਾਰ

ਸਵਾਰ ਹਨ, ਉਹੀ ਉਹਨਾਂ ਨੂੰ ਕੰਟਰੋਲ ਕਰਦੇ ਹਨ ਤੇ ਆਪ ਤੇ ਆਪਣੇ ਰਿਸ਼ਤੇਦਾਰਾਂ ਦੇ ਨਾਂ ਤੇ ਕਰਜ਼ੇ ਲੈਂਦੇ ਹਨ, ਫੇਰ ਇਹ ਸਾਰੇ ਕਰਜ਼ੇ ਖੇਤੀ ਨੂੰ ਸੁਧਾਰਨ ਲਈ ਨਹੀਂ ਵਰਤੇ ਜਾਂਦੇ, ਸਗੋਂ ਇਹਨਾਂ ਕਰਜ਼ਿਆਂ ਨਾਲ ਜਾਗੀਰਦਾਰਾਂ ਤੇ ਤਾਜਰਾਂ ਦੀ ਸੂਦਖੋਰੀ ਦੀ ਤਾਕਤ ਵਧਦੀ ਹੈ।

ਮਾਲ ਮੰਗਵਾ ਕੇ ਵੇਚਣ ਤੇ ਕੱਚਾ ਮਾਲ ਖਰੀਦਣ ਵਾਲੀਆਂ ਚਲ ਰਹੀਆਂ ਕੋਆਪਰੇਟਿਵਾਂ ਭੀ ਜਾਗੀਰਦਾਰ ਤੇ ਵਪਾਰੀ ਆਪਣੇ ਹਕ ਵਿਚ ਹੀ ਵਰਤ ਰਹੇ ਹਨ। ਇਹਨਾਂ ਸੋਸਾਇਟੀਆਂ ਦੇ ਫੰਡਾਂ ਨਾਲ ਇਹ ਲੋਕ ਸਿਟੇ ਬਾਜ਼ੀ ਕਰਦੇ ਹਨ ਤੇ ਕਿਸਾਨਾਂ ਨੂੰ ਉਹਨਾਂ ਦੀ ਪੈਦਾਵਾਰ ਦੀਆਂ ਵਾਜਬੀ ਕੀਮਤਾਂ ਨਹੀਂ ਦਿੰਦੇ।

ਕਮਿਊਨਿਸਟ ਪਾਰਟੀ ਮੁਤਾਲਬਾ ਕਰਦੀ ਹੈ, ਕਿ ਕੋਆਪਰੇਟਿਵਾਂ ਦੇ ਇੰਤਜ਼ਾਮ ਵਿਚੋਂ ਜਾਗੀਰਦਾਰਾਂ ਨੂੰ ਕਢਿਆ ਜਾਏ ਤੇ ਇਹਨਾਂ ਦਾ ਇੰਤਜ਼ਾਮ ਖੁਦ ਕਿਸਾਨਾਂ ਕੋਲ ਰਹੇ, ਨਿਚਲੀਆਂ ਉਪਰਲੀਆਂ ਸਭ ਕੋਆਪਰੇਟਿਵਾਂ ਜਮਹੂਰੀ ਹੋਣੀਆਂ ਚਾਹੀਦੀਆਂ ਹਨ ਤੇ ਮੌਜੂਦਾ ਕੋਆਪਰੇਟਿਵ ਕਾਨੂੰਨਾਂ ਵਿਚ ਇਸ ਮਤਲਬ ਦੀਆਂ ਤਰਮੀਮਾਂ ਕਰਨੀਆਂ ਚਾਹੀਦੀਆਂ ਹਨ।

ਖੇਤ ਮਜ਼ਦੂਰ

ਸਾਰੇ ਦੇਸ਼ ਵਿਚ ਖੇਤ ਮਜ਼ਦੂਰਾਂ ਦੀ ਉਜਰਤ ਦਾ ਘਟੋ ਘਟ ਇਕ ਮਿਆਰ ਬੰਨ੍ਹ ਦੇਣਾ ਚਾਹੀਦਾ ਹੈ। ਉਹਨਾਂ ਪੁਰ ਸ਼ਾਹੂਕਾਰਾਂ ਤੇ ਜ਼ਮੀਂਦਾਰਾਂ ਦੇ ਕਰਜ਼ੇ ਮਨਸੂਖ ਕਰ ਦੇਣੇ ਚਾਹੀਦੇ ਹਨ। ਉਹਨਾਂ ਨੂੰ ਸਸਤੇ ਕਰਜ਼ਿਆਂ ਦੀਆਂ ਸਹੂਲਤਾਂ ਤੇ ਘਰ ਬਣਾਉਣ ਲਈ ਮੁਫਤ ਜ਼ਮੀਨ ਦੇਣੀ ਚਾਹੀਦੀ ਹੈ, ਬੰਜਰ ਜ਼ਮੀਨਾਂ ਇਹਨਾਂ ਨੂੰ ਵੰਡ ਦੇਣੀਆਂ ਚਾਹੀਦਾਂ ਹਨ।

ਸਿੰਜਾਈ

ਸਿੰਜਾਈ ਵਿਚ ਨਾ ਸਿਰਫ ਵਡੇ ਵਡੇ ਪਰਾਜੈਕਟਾਂ, ਸਗੋਂ ਛੋਟੇ ਛੋਟੇ ਪਰਾਜੇਕਟਾਂ ਨਾਲ ਭੀ ਝਬਦੇ ਵਾਧਾ ਕਰਨਾ ਚਾਹੀਦਾ ਹੈ। ਜਿਥੇ ਇਹੋ ਜੇਹੇ ਪਰਾਜੈਕਟ ਨਹੀਂ ਬਣ ਸਕਦੇ, ਓਥੇ ਟਯੂਬ ਵੈਲ ਤੇ ਬਿਜਲੀ ਦੇ ਖੂਹ ਲਾਕੇ ਪਾਣੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਅਜ ਕਲ ਕਿਸਾਨਾਂ ਦੀ ਭਾਰੀ ਬਹੁ ਗਿਣਤੀ ਇਹਨਾਂ ਚੀਜ਼ਾਂ ਤੋਂ ਫਾਇਦਾ ਨਹੀਂ ਉਠਾ ਰਹੀ। ਕਿਉਂਕਿ ਸਰਕਾਰ ਇਹਨਾਂ ਚੀਜ਼ਾਂ ਲਈ ਭਾਰੀਆਂ ਭਾਰੀਆਂ ਰਕਮਾਂ ਜਮ੍ਹਾ ਕਰਾਉਂਦੀ ਹੈ, ਏਸੇ ਕਰਕੇ ਕਿਸਾਨਾਂ ਦੀ ਬਹੁ-ਗਿਣਤੀ ਇਨ੍ਹਾਂ ਰਿਆਇਤਾਂ ਦਾ ਫੈਦਾ ਨਹੀਂ ਉਠਾ ਸਕਦੀ। ਅਸੀਂ ਮੁਤਾਲਬਾ ਕਰਦੇ ਹਾਂ ਕਿ ਇਹਨਾਂ ਚੀਜ਼ਾਂ ਦਾ ਖਰਚਾ ਹਕੂਮਤ ਖੁਦ ਬਰਦਾਸ਼ਤ ਕਰੇ ਤੇ ਕਿਸਾਨਾਂ ਤੋਂ ਸਿਰਫ ਬਿਜਲੀ ਦਾ ਖਰਚ ਹੀ ਵਸੂਲ ਕਰੇ। ਏਸ ਤਰ੍ਹਾਂ ਆਬਿਆਨਾਂ ਐਸੀ ਸ਼ਰ੍ਹਾ ਪੁਰ ਲਿਆਂਦਾ ਜਾਏ, ਕਿ ਇਸ ਨੂੰ ਕਿਸਾਨ ਆਸਾਨੀ ਨਾਲ ਤਾਰ ਸਕਣ।

ਕਮਯੂਨਿਟੀ ਪਰਾਜੈਕਟ

ਜਿਸ ਹਦ ਤਕ ਕਮਯੂਨਿਟੀ ਪਰਾਜੈਕਟ ਤੇ ਨੈਸ਼ਨਲ ਐਕਸ-ਟੈਨਸ਼ਨ ਸਰਵਿਸ ਬਲਾਕ ਪਿੰਡਾਂ ਦੀਆਂ ਕੁਝ ਮੁਢਲੀਆਂ ਲੋੜਾਂ ਪੂਰੀਆਂ ਕਰਦੇ ਹਨ, ਜਿਦਾਂ ਸੜਕਾਂ, ਖੂਹ, ਖਾਦ ਦੇ ਟੋਏ, ਸਾਂਝੀ ਵਰਤੋਂ ਦੀਆਂ ਜੀ ਪਰਚਾਵੇ ਦੀਆਂ ਸਹੂਲਤਾਂ, ਵਲੈਤੀ ਖਾਦ ਦਾ ਕਰਜ਼ਾ, ਬੀਜ ਤੇ ਵਾਹੀ ਦੇ ਸੰਦ, ਇਹ ਲਾਭਦਾਇਕ ਸੇਵਾ ਕਰ ਰਹੇ ਹਨ।

ਪਰ ਕਮਯੂਨਿਸਟ ਪਾਰਟੀ ਕਾਂਗਰਸ ਤੇ ਪੰਡਤ ਨਹਿਰੂ ਵਲੋਂ ਜਾਣ ਬੁਝ ਕੇ ਪਰਚਾਰੇ ਜਾ ਰਹੇ ਇਸ ਖਿਆਲ ਨੂੰ ਰੱਦ ਕਰਦੀ ਹੈ ਕਿ ਮੌਜੂਦਾ ਹਾਲਤਾਂ ਵਿਚ ਇਹ ਪੇਂਡੂ ਉਨਤੀ ਦੀ ਕੁੰਜੀ ਹਨ।

ਅਜੇਹਾ ਪਰਾਪੇਗੰਡਾ ਲੋਕਾਂ ਦੇ ਧਿਆਨ ਨੂੰ ਜਮਹੂਰੀ ਜ਼ਮੀਨੀ ਸੁਧਾਰਾਂ ਦੀ ਉਚੇਚੀ ਲੋੜ ਵਲੋਂ ਮੋੜੀ ਰਖਣ ਲਈ ਜਾਣ ਬੁਝ ਕੇ ਕੀਤਾ ਜਾ ਰਿਹਾ ਹੈ।

ਇਹ ਕਮਯੂਨਿਟੀ ਪਰਾਜੈਕਟ ਤੇ ਨੈਸ਼ਨਲ ਐਕਸਟੈਨਸ਼ਨ ਸਰਵਿਸ ਬਲਾਕ ਜ਼ਮੀਨੀ ਸੁਧਾਰਾਂ ਦੀ ਥਾਂ ਨਹੀਂ ਲੈ ਸਕਦੇ। ਜੇ ਜ਼ਮੀਨੀ ਸੁਧਾਰ ਨਾ ਕੀਤੇ ਜਾਣ ਤਾਂ ਇਹ ਪਰਾਜੈਕਟ ਤੇ ਸਕੀਮਾਂ ਬਹੁਤ ਹੀ ਮਾਮੂਲੀ ਨਤੀਜੇ ਦੇਣਗੀਆਂ। ਜਿਸ ਤਰ੍ਹਾਂ ਕਿ ਮਦਰਾਸ ਦੇ ਅਖਬਾਰ 'ਹਿੰਦੂ' ਨੇ ੮ ਅਪਰੈਲ ੧੯੫੫ ਦੇ ਆਪਣੇ ਐਡੀਟੋ-ਰੀਅਲ ਵਿਚ ਲਿਖਿਆ ਹੈ।

''(ਦੂਸਰੇ ਪੰਜ ਸਾਲਾ ਪ੍ਰੋਗਰਾਮ ਵਿਚ) ਪਿੰਡਾਂ ਵਿਚ ਸਹੂਲਤਾਂ ਦੇਣ ਲਈ ੪ ਰੁਪਏ ਜੀ ਪਰਤੀ ਸਾਲਾਨਾ ਵਾਧੂ ਖਰਚ ਪੇਂਡੂ ਜੀਵਨ ਵਿਚ ਕੋਈ ਖਾਸ ਵਾਧਾ ਨਹੀਂ ਕਰੇਗਾ। ਪਿੰਡਾਂ ਦੇ ਇਨਸਾਨੀ ਤੇ ਮਾਦੀ ਸੋਮਿਆਂ ਨੂੰ ਪੂਰੀ ਤਰ੍ਹਾਂ ਵਰਤਨ ਲਈ ਕੁਝ ਨਹੀਂ ਕਿਹਾ ਗਿਆ, ਤਾਂ ਜੋ ਪਿੰਡਾਂ ਦੀ ਬੇਕਾਰੀ ਤੇ ਨੀਮ ਬੇਕਾਰੀ ਦਾ ਖਾਤਮਾ ਹੋਵੇ।''

ਇਹਨਾਂ ਸਕੀਮਾਂ ਰਾਹੀਂ ਦਿਤੇ ਜਾ ਰਹੇ ਕਰਜ਼ੇ ਦਾ ਇਹ ਹਾਲ ਹੈ ਕਿ ਉਹ ਕੇਵਲ ਪਿੰਡਾਂ ਵਿਚੋਂ ਨਾਮ ਮਾਤਰ ਬੰਦਿਆਂ ਨੂੰ ਹੀ ਮਿਲਦੇ ਹਨ ਤੇ ਉਹ ਭੀ ਜਗੀਰਦਾਰਾਂ ਤੇ ਧਨੀ ਕਿਸਾਨਾਂ ਨੂੰ। ਸਰਕਾਰੀ ਰਪੋਟਾਂ ਭੀ ਇਹ ਗਲ ਮੰਨਦੀਆਂ ਹਨ, ਕਿ ''ਕੇਵਲ ਸੋ ਵਿਚੋਂ ਤੀਹ ਆਦਮੀ ਹੀ ਕਰਜ਼ਾ ਦੇਣ ਯੋਗ ਹਨ, ਜਿਨ੍ਹਾਂ ਨੂੰ ਇਨ੍ਹਾਂ ਸਕੀਮਾਂ ਵਿਚੋਂ ਕਰਜ਼ਾ ਮਿਲਣ ਦੀ ਆਸ ਹੋ ਸਕਦੀ ਹੈ।

ਸਭ ਤੋਂ ਵੱਡੀ ਗਲ ਇਹ ਹੈ ਕਿ ਪਰਾਜੈਕਟਾਂ ਤੇ ਸਕੀਮਾਂ ਵਿਚ ਨੌਕਰ ਸ਼ਾਹੀ ਤਰੀਕਿਆਂ ਕਰਕੇ ਮਹਿੰਗੀ ਤੇ ਭਾਰੀ ਪ੍ਰਬੰਧਕ ਮਸ਼ੀਨਰੀ ਖਰਚਾਂ ਦਾ ਬਹੁਤ ਵੱਡਾ ਹਿੱਸਾ ਖਾ ਜਾਂਦੀ ਹੈ। ਕਮਯੂਨਿਸਟ ਪਾਰਟੀ ਮੰਗ ਕਰਦੀ ਹੈ, ਕਿ ਪਰਬੰਧ ਦੇ ਖਰਚੇ ਨੂੰ

ਬਹੁਤ ਹਦ ਤਕ ਘਟਾਇਆ ਜਾਏ, ਤੇ ਫੰਡਾਂ ਦਾ ਵਧ ਤੋਂ ਵਧ ਹਿਸਾ ਪਿੰਡਾਂ ਦੇ ਆਮ ਲੋਕਾਂ ਲਈ ਵਰਤਿਆ ਜਾਏ।

ਮਜ਼ਦੂਰਾਂ ਦੀਆਂ ਉਜਰਤਾਂ ਤੇ ਜੀ ਪਰਚਾਵਾ

ਪਲਾਨ ਕਰਨ ਦਾ ਓਨਾਂ ਫਿਰ ਕੋਈ ਮਤਲਬ ਨਹੀਂ ਨਿਕਲਦਾ, ਜਦ ਤਕ ਪੈਦਾਵਾਰ ਵਿਚ ਹੋਏ ਵਾਧੇ ਦੇ ਨਾਲ ਨਾਲ ਸਾਡੇ ਲੋਕਾਂ ਦੀ ਮਾਦੀ ਤੇ ਸਭਿਆਚਾਰਕ, ਹਾਲਤਾਂ ਨਹੀਂ ਸੁਧਾਰ ਦੀਆਂ। ਇਸ ਲਈ ਕਮਯੂਨਿਸਟ ਪਾਰਟੀ ਮੰਗ ਕਰਦੀ ਹੈ ਕਿ ਗੌਰਮਿੰਟ ਮਜ਼ਦੂਰਾਂ ਦੀਆਂ ਉਜਰਤਾਂ ਉਪਰ ਚੜ੍ਹਣੋ ਰੋਕੀ ਰੱਖਣ, ਉਜਰਤਾਂ ਘਟਾਉਣ ਤੇ ਬੋਨਸ ਮਾਰਨ ਨੂੰ ਹਲਾਸ਼ੇਰੀ ਦੇਣ ਦੀ ਮੌਜੂਦਾ ਪਾਲਿਸੀ ਨੂੰ ਛੱਡ ਦੇਵੇ। ਰੈਸ਼ਨਲਾਈਜ਼ੇਸ਼ਨ (ਮਸ਼ੀਨਾਂ ਵਿਚ ਵਾਧਾ ਕਰਕੇ ਮਜ਼ਦੂਰਾਂ ਤੋਂ ਜ਼ਿਆਦਾ ਕੰਮ ਲੈਣਾ) ਤੇ ਛਾਂਟੀ ਬੰਦ ਕੀਤੀ ਜਾਏ। ਸਾਰੇ ਦੇਸ਼ ਵਿਚ ਉਜਰਤਾਂ ਦਾ ਘਟੋ ਘਟ ਮਿਆਰ ਬੰਨ੍ਹਿਆ ਜਾਏ।

ਸਮਾਜੀ ਬੀਮੇ ਦੀਆਂ ਸਕੀਮਾਂ ਸਨਅਤਾਂ ਤੇ ਤਮਾਮ ਕਿਸਮ ਦੀਆਂ ਉਪਰ ਲਾਗੂ ਕੀਤੀਆਂ ਜਾਣ, ਉਹ ਕੇਵਲ ਸਿਹਤ ਉਪਰ ਹੀ ਲਾਗੂ ਨਾ ਹੋਣ। ਬੇਕਾਰੀ ਦੇ ਬੀਮੇ ਤੇ ਬੁਢੇਪੇ ਦੀਆਂ ਪਿਨਸ਼ਨਾਂ ਦਾ ਭੀ ਇੰਤਜ਼ਾਮ ਕੀਤਾ ਜਾਏ।

ਕਮਯੂਨਿਸਟ ਪਾਰਟੀ ਮੰਗ ਕਰਦੀ ਹੈ ਕਿ ਬੇਕਾਰਾਂ ਨੂੰ ਫੈਦਾ ਪਹੁੰਚਾਉਣ ਲਈ ੪੦ ਕਰੋੜ ਰੁਪਏ ਦੀ ਸਾਲਾਨਾ ਰਕਮ ਕਢੀ ਜਾਇਆ ਕਰੇ।

ਸਨਅਤੀ ਮਜ਼ਦੂਰਾਂ ਲਈ ਘਰ ਬਣਾ ਕੇ ਦੇਣ ਦੇ ਮਸਲੇ ਨੂੰ ਤਕੜੇ ਹੋ ਕੇ ਹਥ ਪਾਇਆ ਜਾਏ ਤੇ ਇਹ ਕੰਮ ਸਪੈਸ਼ਲ ਏਜੰਸੀ-ਆਂ ਹੱਥੋਂ ਕਰਵਾਇਆ ਜਾਏ, ਇਨ੍ਹਾਂ ਵਿਚ ਮਜ਼ਦੂਰਾਂ ਦਾ ਸਭ ਤੋਂ ਅਹਿਮ ਤੇ ਸਰਗਰਮ ਹਿਸਾ ਹੋਵੇ। ਇਹ ਹੁਣ ਵਾਂਗ ਕਾਰਖਾਨੇਦਾਰਾਂ

ਤੇ ਸੂਬਾਈ ਸਰਕਾਰਾਂ ਦੀ ਮਨ ਮਰਜ਼ੀ ਪੁਰ ਨਾ ਛਡਿਆ ਜਾਏ। ਇਸ ਤਰ੍ਹਾਂ ਸੂਬਾਈ ਸਰਕਾਰਾਂ ਤੇ ਕਾਰਖਾਨੇਦਾਰਾਂ ਦੇ ਹਥੀ ਇਸ ਮਸਲੇ ਨੂੰ ਸੌਂਪੀ ਛਡਨ ਨਾਲ ਗੋਲ ਮਾਲ ਹੋ ਰਿਹਾ ਤੇ ਸਨਅਤੀ ਮਜ਼ਦੂਰਾਂ ਦੇ ਘਰਾਂ ਵਾਸਤੇ ਕਢੇ ਗਏ ਫੰਡ ਦਾ ਬਹੁਤ ਸਾਰਾ ਹਿਸਾ ਅਜੇ ਬਿਨਾ ਖਰਚਿਆਂ ਹੀ ਪਿਆ ਹੈ।

ਕੀਮਤਾਂ

ਅਜ ਕੀਮਤਾਂ ਦਾ ਸਵਾਲ ਉਚੇਚੀ ਮਹਾਨਤਾ ਧਾਰਨ ਕਰ ਗਿਆ ਹੈ। ਦਰ ਅਸਲ ਇਸ ਸਵਾਲ ਨਾਲ ਸਾਡੀ ਆਰਥਕਤਾ ਤੇ ਪਲਾਨ ਕਰਨ ਦੇ ਬਹੁਤ ਸਾਰੇ ਉਚੇਚੇ ਸਵਾਲ ਬਝੇ ਹੋਏ ਹਨ। ਸਾਡੀ ਆਰਥਕਤਾ ਦੇ ਭਿੰਨ ਭਿੰਨ ਭਾਗਾਂ ਖਾਸ ਕਰ ਸਨਅਤ ਤੇ ਖੇਤੀ ਵਿਚਾਲੇ ਸਹੀ ਕਿਸਮ ਦਾ ਰਿਸ਼ਤਾ ਕਾਇਮ ਕਰਨਾ ਜਨਤਾ ਵਿਚ ਮਾਲ ਖਰੀਦਨ ਦਾ ਪੱਧਰ ਉੱਚਾ ਕਰਨਾ, ਘਰ ਦੀ ਮੰਡੀ ਨੂੰ ਫੈਲਾਉਣਾ ਆਪਣੇ ਲੋਕਾਂ ਦੀ ਕਮਾਈ ਤੇ ਜੀਵਨ ਪੱਧਰ ਵਧਾਉਣਾ ਤੇ ਕੌਮੀ ਆਮਦਨ ਦੀ ਤਕਸੀਮ ਕਰਨ ਵਾਸਤੇ ਕੀਮਤਾਂ ਦੇ ਸਵਾਲ ਨੂੰ ਹਲ ਕਰ ਲੈਣ ਪੁਰ ਨਿਰਭਰ ਹਨ। ਪਿਛਲੇ ਦੋਹਾਂ ਸਾਲਾਂ ਵਿਚ ਖੇਤੀ ਦੀ ਪੈਦਾਵਾਰ ਦੀਆਂ ਕੀਮਤਾਂ ਇਕ ਦਮ ਡਿਗ ਜਾਣ ਨਾਲ ਇਹ ਗਲ ਸਪਸ਼ਟ ਹੋ ਗਈ ਹੈ ਕਿ ਨਾ ਕੇਵਲ ਕਿਸਾਨਾਂ ਲਈ ਹੀ ਕੋਈ ਝਗੜਾ ਨਹੀਂ ਸਗੋਂ ਇਸ ਦਾ ਸਮੁਚੀ ਆਰਥਕਤਾ ਉਤੇ ਅਸਰ ਹੈ।

ਪਲਾਨ ਕਰਨ ਤੇ ਪੈਦਾਵਾਰ ਵਧਾਉਣ ਦਾ ਕੋਈ ਮਤਲਬ ਨਹੀਂ ਰਹਿੰਦਾ, ਜੇ ਸਾਡੇ ਦੇਸ਼ ਦੀ ਵਿਸ਼ਾਲ ਜਨਤਾ ਨੂੰ ਇਹੋ ਜੇਹੀ ਬੇ-ਯਕੀਨੀ ਹੋਵੇ।

ਇਸ ਲਈ ਇਹ ਜ਼ਰੂਰੀ ਹੈ ਕਿ ਕਿਸਾਨ ਨੂੰ ਉਸ ਦੀ ਪੈਦਾਵਾਰ ਦੀ ਵਾਜਬ ਤੇ ਗੁਜ਼ਾਰੇ ਯੋਗ ਕੀਮਤ ਦਵਾਈ ਜਾਏ।

ਇਹ ਉੱਨਾਂ ਚਿਰ ਨਹੀਂ ਹੋ ਸਕਦਾ ਜਿੰਨਾ ਚਿਰ ਜ਼ਖੀਰੇ ਬਾਜ਼ ਤੇ ਅਜਾਰੇਦਾਰ ਵਾਪਾਰ ਉਪਰ ਜਫ਼ਾ ਮਾਰੀ ਬੈਠੇ ਹਨ, ਤੇ ਕਿਸਾਨਾਂ ਦੀਆਂ ਜਿਨਸਾਂ ਦੀਆਂ ਕੀਮਤਾਂ ਨੀਯਤ ਕਰਦੇ ਹਨ ਤੇ ਜਿੰਨਾਂ ਚਿਰ ਸਾਡੀ ਚਰਾਇਤੀ ਆਰਥਕਤਾ ਸਾਮਰਾਜੀ ਮੰਡੀ ਦੇ ਦਬਾਅ ਅਤੇ ਅਸਰ ਹੇਠਾਂ ਹੈ। ਕਿਸਾਨ ਡਿਗ ਰਹੀਆਂ ਕੀਮਤਾਂ ਤੋਂ ਇਸ ਤਰ੍ਹਾਂ ਭੀ ਨਹੀਂ ਬਚਾਏ ਜਾ ਸਕਦੇ ਕਿ ਸਰਕਾਰ ਕੀਮਤਾਂ ਵਿਚ ਮਦਦ ਕਰਨ ਦੇ ਐਲਾਨ ਕਰੇ ਤੇ ਦਿਖਾਵੇ ਮਾਤਰ ਕਣਕ ਤੇ ਚੌਲ ਖਰੀਦ ਲਵੇ। ਗੌਰਮਿੰਟ ਦੀਆਂ ਕੀਮਤਾਂ ਭੀ ਤਾਂ ਇਕ ਤਰਫਾ ਫੈਸਲਾ ਕਰਕੇ ਠੋਸੀਆਂ ਜਾਂਦੀਆਂ ਹਨ ਤੇ ਸਰਕਾਰੀ ਖਰੀਦ ਭੀ ਨਾਮ ਮਾਤਰ ਹੀ ਹੁੰਦੀ ਹੈ, ਜਿਸ ਦਾ ਕੀਮਤਾਂ ਉਤੇ ਅਸਰ ਕਿਸਾਨਾਂ ਦੇ ਹੱਕ ਵਿਚ ਕੋਈ ਨਹੀਂ ਹੁੰਦਾ।

ਕਮਯੂਨਿਸਟ ਪਾਰਟੀ ਦੀ ਇਹ ਪੱਕੀ ਰਾਏ ਹੈ, ਕਿ ਕਿਸਾਨਾਂ ਨੂੰ ਡਿਗਦੀਆਂ ਕੀਮਤਾਂ ਤੋਂ ਬਚਾਉਣ ਲਈ ਗੌਰਮਿੰਟ ਸਿਰਫ ਕੀਮਤਾਂ ਨੂੰ ਇਕ ਅਜੇਹੀ ਪੱਧਰ ਉਪਰ ਹੀ ਨਾ ਬੰਨੇ, ਜਿਥੇ ਕਿਸਾਨਾਂ ਨੂੰ ਲਾਗਤ ਉਪਰ ਵਾਜਬ ਗੁੰਜਾਇਸ਼ ਮਿਲ ਜਾਏ ਸਗੋਂ ਗੌਰਮਿੰਟ ਇਸ ਕੀਮਤ ਪੁਰ ਕਿਸਾਨਾਂ ਦੀ ਬਹੁਤ ਸਾਰੀ ਜਿਨਸ ਖੁਦ ਖਰੀਦੇ। ਇਸ ਤਰ੍ਹਾਂ ਕੀਤੇ ਬਗੈਰ ਮੰਡੀ ਦੀਆਂ ਕੀਮਤਾਂ ਪੁਰ ਅਸਰ ਨਹੀਂ ਪਾਇਆ ਜਾ ਸਕਦਾ। ਸਰਕਾਰ ਖੇਤੀ ਦੀ ਪੈਦਾਵਾਰ ਦੀ ਕੀਮਤ ਮੁਕੱਰਰ ਕਰਨ ਤੇ ਇਸ ਨੂੰ ਵੇਚਣ ਵੇਲੇ ਉਹਨਾਂ ਲੋਕਾਂ ਦੇ ਲਾਭਾਂ ਦਾ ਭੀ ਧਿਆਨ ਰਖੇ, ਜੋ ਇਹਨਾਂ ਨੂੰ ਵਰਤਦੇ ਹਨ।

ਅਸੀਂ ਮੁਤਾਲਬਾ ਕਰਦੇ ਹਾਂ, ਕਿ ਸਾਡੀ ਪੇਂਡੂ ਆਰਥਕਤਾ ਵਿਚੋਂ ਜ਼ਖੀਰੇਬਾਜ਼ ਅਨਸਰਾਂ ਦਾ ਨਾਸ ਕਰ ਦਿੱਤਾ ਜਾਏ।

ਇਸੇ ਤਰ੍ਹਾਂ ਅਜਾਰੇਦਾਰਾਂ ਨੂੰ ਰੋਕਣ ਲਈ ਸਰਕਾਰੀ ਮਦਾਖਲਤ ਜ਼ਰੂਰੀ ਹੈ, ਤਾਂ ਜੋ ਉਹ ਲੋਕਾਂ ਨੂੰ ਵਧੀ ਪੈਦਾਵਾਰ ਦੇ ਫ਼ਾਇਦਿਆਂ ਤੋਂ ਵਾਂਝਿਆਂ ਨਾ ਰੱਖਣ। ਲੋਕ ਓੱਨਾਂ ਚਿਰ ਵਧੀ

ਪੈਦਾਵਾਰ ਤੋਂ ਫ਼ਾਇਦਾ ਨਹੀਂ ਉਠਾ ਸਕਦੇ, ਜਿੰਨਾਂ ਚਿਰ ਕਾਰਖ਼ਾਨਿਆਂ ਦੇ ਮਾਲ ਦੀਆਂ ਕੀਮਤਾਂ ਲੋਕਾਂ ਦੀ ਖ਼ਰੀਦ ਸ਼ਕਤੀ ਨਾਲ ਵਾਰਾ ਖਵਾਉਣ ਲਈ ਥੱਲੇ ਨਹੀਂ ਲਿਆਈਆਂ ਜਾਂਦੀਆਂ। ਪਾਰਟੀ ਸਰਕਾਰ ਵਾਸਤੇ ਇਹ ਜ਼ਰੂਰੀ ਸਮਝਦੀ ਹੈ ਕਿ ਉਹ ਲੋਕਾਂ ਦੀ ਖੱਪਤ ਦੀਆਂ ਬਹੁਤ ਹੀ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਨੂੰ ਬਾਕਾਇਦਾ ਕਰਨ ਤੇ ਵੱਸ ਵਿਚ ਰੱਖਣ ਲਈ ਮੁਦਾਖਲਤ ਕਰੇ, ਜਿਵੇਂ ਕਿ ਖੰਡ, ਕੱਪੜਾ, ਸਾਬਣ ਆਦਿ ਤੇ ਇਸੇ ਤਰ੍ਹਾਂ ਖੇਤੀ ਦੇ ਤੇ ਹੋਰ ਸੰਦ, ਜਿਨ੍ਹਾਂ ਦੀ ਕਿਸਾਨਾਂ ਤੇ ਦਸਤਕਾਰਾਂ ਨੂੰ ਲੋੜ ਹੁੰਦੀ ਹੈ।

ਵਸੀਲੇ

ਸਾਡੇ ਖਿਆਲ ਵਿਚ ਗ਼ਰੀਬੀ ਦੇ ਮਾਰੇ ਤੇ ਟੈਕਸਾਂ ਦੇ ਲੱਦੇ ਹੋਏ ਲੋਕਾਂ ਤੋਂ ਪਲੈਨ ਦਾ ਪੈਸਾ ਪੂਰਾ ਕਰਨਾ ਸਾਡੀ ਆਰਥਕਤਾ ਤੇ ਉੱਨਤੀ ਦੇ ਮੁਫ਼ਾਦਾਂ ਵਾਸਤੇ ਬਹੁਤ ਹੀ ਹਾਨੀਕਾਰਕ ਹੈ। ਲੋਕਾਂ ਉਪਰ ਟੈਕਸਾਂ ਦਾ ਬੋਝ ਜੀਵਨ ਪੱਧਰ ਨੂੰ ਨੀਵਾਂ ਕਰਦਾ ਹੈ। ਉਨ੍ਹਾਂ ਦੀ ਖ਼ਰੀਦ ਸ਼ਕਤੀ ਘਟਾਉਂਦਾ ਹੈ ਤੇ ਇਸ ਤਰ੍ਹਾਂ ਘਰੋਗੀ ਮੰਡੀ ਨੂੰ ਸੁਕੜਾਉਂਦਾ ਹੈ। ਜਿਸ ਦਾ ਫੈਲਾਉ ਕਿ ਸਨਅਤੀ ਵਾਧੇ ਵਾਸਤੇ ਹਾਲ ਦੀ ਘੜੀ ਬਹੁਤ ਹੀ ਜ਼ਰੂਰੀ ਹੈ। ਇਸ ਲਈ ਅਸੀਂ ਮੁਤਾਲਬਾ ਕਰਦੇ ਹਾਂ ਕਿ ਲੋਕਾਂ ਉਪਰ ਟੈਕਸ ਵਧਾਉਣ ਦੀਆਂ ਕੁਲ ਤਜਵੀਜ਼ਾਂ, ਸਣੇ ਟੈਕਸੇਸ਼ਨ ਇਨਕੁਆਇਰੀ ਕਮਿਸ਼ਨ ਦੀਆਂ ਤਜਵੀਜ਼ਾਂ ਸਭ ਰੱਦ ਕਰ ਦਿੱਤੀਆਂ ਜਾਣ, ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਜਨਤਾ ਉਪਰ ਟੈਕਸਾਂ ਦਾ ਮੌਜੂਦਾ ਬੋਝ ਭੀ ਕੰਮ ਕੀਤਾ ਜਾਵੇ। ਸਾਡੀ ਆਰਥਕਤਾ ਨੂੰ ਉੱਨਤ ਕਰਨ ਵਾਸਤੇ ਵਸੀਲੇ ਕਿਸੇ ਹੋਰਥੋਂ ਲਭੇ ਜਾ ਸਕਦੇ ਹਨ ਤੇ ਜ਼ਰੂਰ ਲਭੇ ਜਾਣੇ ਚਾਹੀਦੇ ਹਨ। ਕੌਮੀ ਉਸਾਰੀ ਦੇ ਕੰਮਾਂ ਵਾਸਤੇ ਜੇ ਬਰਤਾਨਵੀ ਕਾਰਖ਼ਾਨਿਆਂ ਨੂੰ ਕੌਮੀ ਕੀਤਾ ਜਾਏ, ਤਾਂ ਉਹ ਫੰਡ ਤੇ

ਸਰਮਾਇਆ ਬਣਾਉਣ ਦੇ ਵੱਡੇ ਵਸੀਲੇ ਹਨ।

ਜਿੰਨਾਂ ਚਿਰ ਤੱਕ ਬਰਤਾਨਵੀ ਤੇ ਬਦੇਸ਼ੀ ਕਾਰਖ਼ਾਨੇ ਕੌਮੀ ਨਹੀਂ ਬਣਾ ਲਏ ਜਾਂਦੇ, ਓਨਾਂ ਚਿਰ ਤੱਕ ਬਾਹਰ ਜਾ ਰਹੇ ਮੁਨਾਫ਼ਿਆਂ ਵਿਚ ਵੱਡੀ ਕਟੌਤੀ ਕੀਤੀ ਜਾਏ। ਮੁਨਾਫ਼ਾ ਬਾਹਰ ਭੇਜਣ ਦੀ ਹੱਦ ਮੁਕੱਰਰ ਕਰ ਦਿਤੀ ਜਾਏ। ਜਿਸ ਨਾਲ ਇਹ ਯਕੀਨ ਹੋ ਜਾਏ ਕਿ ਬਦੇਸ਼ੀ ਸਰਮਾਏਦਾਰ ਨੂੰ ਆਪਣੇ ਲਗੇ ਸਰਮਾਏ ਦੇ ਮੁਨਾਫ਼ੇ ਦੀ ਉਹੀ ਸ਼ਰਾਹ ਬਾਹਰ ਲੈ ਜਾਣ ਦੀ ਆਗਿਆ ਹੈ ਜੋ ਬੈਂਕ ਵਿਚ ਜਮ੍ਹਾਂ ਕਰਾਏ ਰੁਪਏ ਦੇ ਪਰਚੱਲਤ ਸੂਦ ਦੀ ਸ਼ਰਾਹ ਹੁੰਦੀ ਹੈ। ਦੂਸਰੇ ਸ਼ਬਦਾਂ ਵਿਚ ਮੁਨਾਫ਼ਾ ਭੇਜਣ ਦੇ ਨੁਕਤੇ ਤੋਂ ਪਰਾਈਵੇਟ ਬਦੇਸ਼ੀ ਸਰਮਾਏ ਨੂੰ ਕਰਜ਼ ਦਿਤੇ ਸਰਮਾਏ ਦੇ ਬਰਾਬਰ ਸਮਝਿਆ ਜਾਏ ਪਰ ਪਾਕਿਸਤਾਨੀ ਵਸਨੀਕਾਂ ਦੇ ਜਾਇਜ਼ ਮੁਨਾਫ਼ਿਆਂ ਪੁਰ ਇਹ ਬੰਦਸ਼ਾਂ ਨਾ ਲਾਈਆਂ ਜਾਣ।

ਇਸ ਨਿਯਤ ਹੱਦ ਤੋਂ ਵੱਧ ਤਮਾਮ ਮੁਨਾਫ਼ੇ ਗੌਰਮਿੰਟ ਲਾਜ਼ਮੀ ਕਰਜ਼ੇ ਦੀ ਸ਼ਕਲ ਵਿਚ ਆਪਣੇ ਹੱਥ ਕਰ ਲਵੇ ਤੇ ਇਹਨਾਂ ਨੂੰ ਦੇਸ਼ ਦੀ ਸਨਅਤ-ਸਾਜ਼ੀ ਵਾਸਤੇ ਮਨਮਰਜ਼ੀ ਦੀਆਂ ਲਾਈਨਾਂ ਪੁਰ ਵਰਤੇ।

ਦੇਸੀ ਤੇ ਬਦੇਸ਼ੀ ਅਜਾਰੇਦਾਰਾਂ ਨੂੰ ਬੇ-ਰੋਕ ਮੁਨਾਫ਼ੇ ਕਮਾਉਣ ਦੇਣ ਦੀ ਪਾਲਿਸੀ ਛੱਡ ਦਿੱਤੀ ਜਾਏ। ਹਿਸਿਆਂ ਪਰਤੀ ਮੁਨਾਫੇ ਦੀ ਤਕਸੀਮ ਦੀ ਹੱਦ ਮੁਕੱਰਰ ਕਰ ਦਿੱਤੀ ਜਾਏ। ਕਿਸੇ ਹਾਲਤ ਵਿਚ ਭੀ ਮੁਨਾਫ਼ੇ ਦੀ ਤਕਸੀਮ ਬੈਂਕ ਦੀ ਸ਼ਰਾਹ ਤੋਂ ਦੋ ਤਿੰਨ ਫ਼ੀ ਸੈਂਕੜੇ ਤੋਂ ਵੱਧ ਨਹੀਂ ਹੋਣੀ ਚਾਹੀਦੀ। ਮੁਨਾਫ਼ਿਆਂ ਉਪਰ ਅਜਿਹੀ ਬੰਦਸ਼ ਲਾਉਣ ਤੇ ਇਸ ਉਪਰ ਅਮਲ ਕਰਵਾਉਣ ਨਾਲ ਸਰਕਾਰ ਸਾਡੀ ਆਰਥਕਤਾ ਦੀ ਉੱਨਤੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਜਾਰੇਦਾਰਾਂ ਦੀਆਂ ਉਪਰਲੀਆਂ ਕਮਾਈਆਂ

ਆਪਣੇ ਹੱਥ ਲੈ ਸਕੇਗੀ। ਇਸ ਤਰ੍ਹਾਂ ਹੱਥ ਵਿਚ ਲਈ ਹੋਈ ਕਮਾਈ ਨੂੰ ਸਰਕਾਰ ਜਬਰੀ ਕਰਜ਼ੇ ਵਿਚ ਰਖੇ। ਇਸ ਤੋਂ ਇਲਾਵਾ, ਸਰਕਾਰ ਉਹਨਾਂ ਫੰਡਾਂ ਤੋਂ ਵੀ ਕੰਮ ਲਵੇ, ਜੋ ਅਸਲੀ ਲੋੜਾਂ ਤੋਂ ਵਧੀਕ 'ਰੀਜ਼ਰਵ' ਦੇ ਨਾਂ ਹੇਠਾਂ ਜਮ੍ਹਾਂ ਪਏ ਹਨ ਜਾਂ ਬੋਨਸ ਹਿੱਸੇ ਜਾਰੀ ਕਰਨ ਲਈ ਵਰਤੇ ਜਾਂਦੇ ਹਨ।

ਇਨ੍ਹਾਂ ਜਮ੍ਹਾਂ ਕੀਤੇ ਗਏ ਫ਼ੰਡਾਂ ਨਾਲ ਸਰਕਾਰ ਦੇ ਆਪਣੇ ਸਿੱਧੇ ਕੰਟਰੋਲ ਹੇਠਾਂ ਜਮ੍ਹਾਂ ਪੂੰਜੀ ਦਾ ਜ਼ਖੀਰਾ (ਪੂਲ) ਕਾਇਮ ਕੀਤਾ ਜਾਏ। ਜ਼ਖੀਰੇਬਾਜ਼ੀ ਦੀ ਰੁਚੀ ਨੂੰ ਮਾਰਨ ਲਈ ਭੀ ਅਜਿਹੇ ਵਸੀਲਿਆਂ ਨੂੰ ਠਕੋਰਨਾ ਬਹੁਤ ਜ਼ਰੂਰੀ ਹੈ।

ਇਹਨਾਂ ਕਾਰਨਾਂ ਕਰ ਕੇ ਤੇ ਸਾਡੀ ਆਰਥਕਤਾ ਨੂੰ ਪਲੈਨ ਕੀਤੇ ਹੋਏ ਪਾਸੇ ਵਲ ਚਲਾਉਣ ਲਈ ਬਹੁਤ ਹੀ ਜ਼ਰੂਰੀ ਹੈ ਕਿ ਅਜਾਰੇਦਾਰਾਂ ਦੀ ਪੋਜ਼ੀਸ਼ਨ ਨੂੰ ਕਮਜ਼ੋਰ ਕੀਤਾ ਜਾਏ ਤੇ ਇਹਨਾਂ ਦੀ ਤਾਕਤ ਨੂੰ ਬਹੁਤ ਹੱਦ ਤੱਕ ਘਟਾਉਣ ਲਈ ਕਾਨੂੰਨੀ ਤੇ ਪਰਬੰਧਕ ਕਦਮ ਚੁਕੇ ਜਾਣ। ਸਰਕਾਰੀ ਭਾਗ ਉਤੋਂ ਅਜਾਰੇਦਾਰਾਂ ਦਾ ਕੰਟਰੋਲ ਤੇ ਅਸਰ ਖ਼ਤਮ ਕੀਤਾ ਜਾਏ ਸਰਕਾਰੀ ਭਾਗ ਦੀਆਂ ਸਨਅਤਾਂ ਤੇ ਕਾਰੋਬਾਰਾਂ ਦੇ ਇੰਤਜ਼ਾਮ ਦੇ ਚਲਾਉਣ ਵਿਚ ਅਜਾਰੇਦਾਰਾਂ ਤੇ ਇਹਨਾਂ ਦੇ ਨੁਮਾਇੰਦਿਆਂ ਨੂੰ ਬਿਲਕੁਲ ਥਾਂ ਨਾ ਦਿੱਤੀ ਜਾਵੇ।

ਸਰਕਾਰੀ ਭਾਗ ਦੀਆਂ ਸਨਅਤਾਂ ਸਰਮਾਇਆ ਬਨਾਉਣ ਦਾ ਵਸੀਲਾ ਹਨ, ਇਹ ਗੱਲ ਕਿ ਸਵਾਏ ਰੇਲਾਂ ਤੋਂ ਹਾਲਾਂ ਤਕ ਉਹਨਾਂ ਸਨਅਤਾਂ ਨੇ ਕਦੇ ਸ਼ਲਾਘਾ ਯੋਗ ਆਮਦਨੀ ਨਹੀਂ ਦਿਤੀ. ਕੋਈ ਕਾਰਨ ਨਹੀਂ ਕਿ ਸਰਕਾਰ ਨੂੰ ਆਮਦਨੀ ਦੇਣ ਵਾਸਤੇ ਇਹਨਾਂ ਸਨਅਤਾਂ ਨੂੰ ਕਾਰੋਬਾਰੀ ਲਾਈਨਾਂ ਪੁਰ ਨਾ ਚਲਾਇਆ ਜਾਵੇ। ਸੱਚੀ ਗੱਲ ਤਾਂ ਇਹ ਹੈ ਕਿ ਸਰਕਾਰੀ ਭਾਗ ਨੂੰ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਕਿ ਇਹ ਆਮਦਨੀ ਦਾ ਹਮੇਸ਼ਾਂ ਵੱਧਦਾ

ਫੁਲਦਾ ਵਸੀਲਾ ਬਣ ਜਾਏ। ਇਸ ਲਈ ਇਸ ਨੂੰ ਅਜਿਹੀਆਂ ਲਾਈਨਾਂ ਪੁਰ ਚਲਾਉਣਾ ਚਾਹੀਦਾ ਹੈ ਜਿਸ ਤੋਂ ਫੌਰੀ ਮੁਨਾਫ਼ਾ ਹਾਸਲ ਹੋਵੇ।

ਦੇਸੋਂ ਬਾਹਰ ਜਾਣ ਤੇ ਅੰਦਰ ਆਉਣ ਵਾਲੇ ਮਾਲ ਦੀਆਂ ਵੱਡੀਆਂ ਜਿਨਸਾਂ ਦੇ ਬਦੇਸ਼ੀ ਵਪਾਰ ਦੀ ਸਰਕਾਰੀ ਅਜਾਰੇਦਾਰੀ ਸਰਮਾਇਆ ਬਨਾਉਣ ਦਾ ਇਕ ਹੋਰ ਵੱਡਾ ਸੋਮਾਂ ਹੈ। ਪੁਲੀਸ ਤੇ ਵੱਡੀਆਂ ਤਨਖਾਹਾਂ ਉਪਰੋਂ ਭਾਰੀ ਹੋ ਚੁਕੀ ਮਹਿੰਗੀ ਦਫ਼ਤਰਸ਼ਾਹੀ ਦੀਆਂ ਹੋਰਨਾਂ ਬਰਾਂਚਾਂ ਦੇ ਖ਼ਰਚੇ ਘਟਾ ਕੇ ਭੀ ਰੁਪਿਆ ਕੱਢਿਆ ਜਾ ਸਕਦਾ ਹੈ। ਇਸ ਦੇ ਵਾਸਤੇ ਸਰਕਾਰੀ ਮੁਲਾਜ਼ਮਾਂ ਵਿਚ ਖੁਦ ਉਦਮ ਕਰਨ ਦਾ ਹੌਸਲਾ ਵਧਾਉਂਣਾ ਤੇ ਵੱਡੀਆਂ ਤਨਖ਼ਾਹਾਂ ਵਾਲੇ ਅਫ਼ਸਰਾਂ ਦੀਆਂ ਤਨਖ਼ਾਹਾਂ ਤੇ ਅਲਾਉਂਸ ਬਹੁਤ ਹੀ ਘੱਟ ਕਰਨੇ ਚਾਹੀਦੇ ਹਨ। ਜਮਹੂਰੀ ਸੁਧਾਰ ਕਰਨ ਨਾਲ ਸੂਬਕ ਸਰਕਾਰਾਂ ਇਸ ਯੋਗ ਹੋ ਜਾਣਗੀਆਂ ਕਿ ਪੁਲੀਸ ਤੇ ਹੋਰ ਦਬਾਊ ਮੱਦਾਂ ਦੇ ਖ਼ਰਚਾਂ ਦੀ ਬਜਟਾਂ ਵਿਚ ਬਚਤ ਹੋ ਜਾਏਗੀ, ਜੋ ਲੋਕਾਂ ਨੂੰ ਦਬਾਉਣ ਲਈ ਬਹੁਤ ਬੜੇ ਬੜੇ ਖਰਚਾਂ ਪੁਰ ਰਖੇ ਹੋਏ ਹਨ। ਇਸ ਤਰ੍ਹਾਂ ਉੱਨਤੀ ਦੇ ਕੰਮਾਂ ਲਈ ਪੰਜਾਹ ਕਰੋੜ ਸਾਲ ਦੀ ਰਕਮ ਬਜਟ ਵਿਚੋਂ ਨਿਕਲ ਸਕਦੀ ਹੈ। ਰਾਜਿਆਂ ਦੇ ਪਰੀਵੀ ਪਰਸ ਬੰਦ ਕੀਤਿਆਂ ਉਹਨਾਂ ਦੀਆਂ ਲੁਕਾਈਆਂ ਹੋਈਆਂ ਦੌਲਤਾਂ ਜਬਰੀ ਕਰਜ਼ੇ ਦੇ ਤੌਰ ਲਿਆਂ ਇਹ ਸਰਮਾਏ ਦਾ ਕਾਫ਼ੀ ਵੱਡਾ ਵਸੀਲਾ ਬਣ ਜਾਣਗੀਆ। ਰਾਜਿਆਂ ਅਜਾਰੇਦਾਰਾਂ ਤੇ ਵੱਡੇ ਜ਼ਿਮੀਂਦਾਰਾਂ ਉਪਰ ਵਰਾਸਤ ਦਾ ਟੈਕਸ ਵਧਾਇਆ ਜਾਏ ਤੇ ਮਜ਼ਬੂਤੀ ਨਾਲ ਲਾਗੂ ਕੀਤਾ ਜਾਵੇ।

ਜ਼ਮੀਨੀ ਸੁਧਾਰ ਤੇ ਇਸ ਦੇ ਨਾਲ ਹੀ ਪੇਂਡੂ ਕਰਜ਼ੇ ਦੇ ਸਵਾਲ ਨੂੰ ਹਲ ਕਰਨ ਨਾਲ ਸਰਮਾਇਆ ਬਨਾਉਣ ਵਿਚ ਬਹੁਤ ਸਹਾਇਤਾ ਮਿਲੇਗੀ। ਜ਼ਮੀਨੀ ਸੁਧਾਰ ਨਾਲ ਅਰਬਾਂ ਰੁਪਏ

ਜਾਗੀਰਦਾਰਾਂ ਤੇ ਸ਼ਾਹੂਕਾਰਾਂ ਦੀ ਝੋਲੀ ਪੈਣੋ ਬਚ ਜਾਣਗੇ, ਜੋ ਇਹਨਾਂ ਨੂੰ ਫ਼ਜ਼ੂਲ ਕੰਮਾਂ ਵਿਚ ਖ਼ਰਚ ਕਰ ਛੱਡਦੇ ਹਨ। ਉਪਰਲੇ ਕੰਮ ਕੀਤਿਆਂ ਖੇਤੀ ਵਾੜੀ ਵਿਚ ਲਾਉਣ ਲਈ ਸਰਮਾਏ ਦੇ ਵਸੀਲੇ ਪੈਦਾ ਹੋ ਜਾਣਗੇ। ਜਿਸ ਨਾਲ ਖੇਤੀ ਚੰਗੀ ਹੋ ਜਾਏਗੀ ਤੇ ਪੈਦਾਵਾਰ ਵਧ ਜਾਏਗੀ। ਜ਼ਮੀਨੀ ਸੁਧਾਰ ਤੇ ਖ਼ਾਸ ਕਰ ਜ਼ਮੀਨ ਦੀ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਵਿਚ ਵੰਡ ਸਾਂਝੀ ਆਰਥਕਤਾ ਵਾਸਤੇ ਲੋੜੀਂਦਾ ਸਰਮਾਇਆ ਜਮ੍ਹਾਂ ਕਰਨ ਵਿਚ ਬਹੁਤ ਮਦਦ ਕਰੇਗੀ।

ਜੇ ਸਰਕਾਰ ਪੇਂਡੂ ਕਰਜ਼ੇ ਦਾ ਬੰਦੋਬਸਤ ਕਰ ਦੇਵੇ, ਤਾਂ ਸਾਹੂਕਾਰਾਂ ਨੂੰ ਰੁਪਿਆ ਲਾਉਣ ਲਈ ਹੋਰ ਕੋਈ ਥਾਂ ਨਹੀਂ ਰਹਿ ਜਾਂਦੀ ਤੇ ਇਹਨਾਂ ਦੇ ਰੁਪਏ ਨੂੰ ਪੈਦਾਵਾਰ ਵਿਚ ਲਾਉਣ ਦੇ ਰਸਤੇ ਤੇ ਢੰਗ ਲੱਭੇ ਜਾ ਸਕਦੇ ਹਨ।

ਵੱਡੇ ਜ਼ਿਮੀਂਦਾਰਾਂ ਨੂੰ ਮੁਆਵਜ਼ਾ ਦੇਣਾ ਕਿਸੇ ਤਰ੍ਹਾਂ ਭੀ ਯੋਗ ਨਹੀਂ ਬਣਦਾ, ਪਰ ਫੇਰ ਭੀ ਜੇ ਸਰਕਾਰ ਨੇ ਮੁਆਵਜ਼ਾ ਦੇਣੋ ਨਹੀਂ ਹਟਣਾ ਤਾਂ ਘਟੋ ਘਟ ਪੰਦਰਾਂ ਸਾਲ ਤੱਕ ਮੁਆਵਜ਼ਾ ਦੇਣਾ ਮੁਲਤਵੀ ਕਰ ਦਿਤਾ ਜਾਵੇ।

ਏਹੋ ਜਿਹੇ ਵਸੀਲੇ ਹੱਥ ਵਿਚ ਹੋਣ ਤਾਂ ਟੈਕਸਾਂ ਜਾਂ ਹੋਰ ਤਰੀਕਿਆਂ ਨਾਲ ਲੋਕਾਂ ਉਪਰ ਵਾਧੂ ਭਾਰ ਪਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਦੂਸਰੇ ਪੰਜ ਸਾਲਾ ਪਲੈਨ ਲਈ ਰੁਪਿਆ ਜੋੜਨ ਵਾਸਤੇ ਕਿਸੇ ਤਰ੍ਹਾਂ ਭੀ ਵਾਧੂ ਟੈਕਸ ਨਹੀਂ ਲਾਉਣੇ ਚਾਹੀਦੇ। ਜਿੰਨਾਂ ਚਿਰ ਇਕ ਪਾਸੇ ਤਾਂ ਰੁਪਿਆ ਦੇਣ ਯੋਗ ਜਮਾਤਾਂ ਤੇ ਉਪਰ ਗਿਣਾਏ ਗਏ ਵਸੀਲੇ ਪੂਰੀ ਤਰ੍ਹਾਂ ਖਾਲੀ ਨਹੀਂ ਕਰ ਲਏ ਜਾਂਦੇ ਤੇ ਦੂਸਰੇ ਸਾਡੇ ਲੋਕਾਂ ਦੇ ਜੀਵਨ ਬਿਹਤਰ ਨਹੀਂ ਹੋ ਜਾਂਦੇ, ਸਾਡੇ ਜਾਂ ਦੇਸ਼ ਦੇ ਲੋਕਾਂ ਉਪਰ ਟੈਕਸਾਂ ਦੇ ਭਾਰੀ ਬੋਝ ਉਹਨਾਂ ਦੇ ਦੁਖਾਂ ਤੇ ਮੁਸੀਬਤਾਂ ਨੂੰ ਹੋਰ ਵਧਾ ਦੇਣਗੇ ਤੇ ਉਹਨਾਂ ਦਾ

ਚੰਗੇ ਪਰਾਜੈਕਟਾਂ ਲਈ ਉਤਸ਼ਾਹ ਭੀ ਮਾਰ ਦੇਣਗੇ। ਇਸ ਤੋਂ ਭੀ ਬੁਰੀ ਗੱਲ ਇਹ ਹੈ ਕਿ ਲੋਕਾਂ ਦੀ ਖ਼ਰੀਦ ਸ਼ਕਤੀ ਨੂੰ ਘਟਾ ਕੇ ਸਾਡੀ ਆਰਥਕਤਾ ਦੇ ਫੈਲਾਉ ਦੀਆਂ ਜੜ੍ਹਾਂ ਉੱਪਰ ਸੱਟ ਭੀ ਵੱਜਦੀ ਹੈ।

ਸਾਡੀ ਸਰਕਾਰੀ ਜਮ੍ਹਾਂ ਪੂੰਜੀ ਨੂੰ ਇਸ ਪਾਸੇ ਤੋਰਨ ਦਾ ਸੁਆਲ ਇਕ ਨਾਜ਼ਕ ਮਸਲਾ ਬਣ ਗਿਆ ਹੈ। ਜਿਸ ਉਪਰ ਸਾਡੇ ਦੇਸ਼ ਦੀ ਆਰਥਕ ਤਰੱਕੀ ਦਾ ਭਵਿਖਤ ਬਹੁਤ ਨਿਰਭਰ ਹੈ।

ਉਪਰਲੀਆਂ ਲੀਹਾਂ ਪੁਰ ਪਲੈਨ ਦਾ ਰੁਪਿਆ ਜੋੜਨ ਨਾਲ ਸਾਡਾ ਦੇਸ਼ ਆਪਣੀ ਆਰਥਕਤਾ ਦੀ ਉਨਤੀ ਵਾਸਤੇ ਆਪਣੇ ਅੰਦਰਲੇ ਵਸੀਲਿਆਂ ਪੁਰ ਹੀ ਨਿਰਭਰ ਹੋਣ ਦੇ ਯੋਗ ਹੋ ਜਾਏਗਾ, ਹੁਣ ਵਾਂਗ ਸਾਮਰਾਜੀ ਦੇਸ਼ਾਂ ਤੇ ਜ਼ਿਆਦਾਤਰ ਅਮਰੀਕਾ ਦੀ ਸਹਾਇਤਾ ਪੁਰ ਆਧਾਰ ਰੱਖਣਾ ਖ਼ਤਮ ਹੋ ਜਾਏਗਾ। ਆਪਣੇ ਅੰਦਰਲੇ ਵਸੀਲਿਆਂ ਪੁਰ ਆਧਾਰ ਰੱਖਣਾ ਇਸ ਵਾਸਤੇ ਭੀ ਜ਼ਰੂਰੀ ਹੈ ਕਿ ਸਾਮਰਾਜੀ ਤੇ ਖ਼ਾਸ ਕਰ ਅਮਰੀਕਨ ਜੰਗਬਾਜ਼ ਆਪਣੀ ਬਦੇਸ਼ੀ "ਸਹਾਇਤਾ" ਨੂੰ ਉਹਨਾਂ ਦੇਸਾਂ ਤੋਂ ਆਪਣਾ ਮਤਲਬ ਕੱਢਣ ਵਾਸਤੇ ਵਰਤਦੇ ਹਨ, ਜਿਨ੍ਹਾਂ ਨੂੰ ਉਹ ਇਹ "ਸਹਾਇਤਾ" ਦਿੰਦੇ ਹਨ। ਇਸ ਬਾਰੇ ਸਾਨੂੰ ਇਹ ਗੱਲ ਸਾਫ਼ ਕਰ ਦੇਣੀ ਚਾਹੀਦੀ ਹੈ ਕਿ ਅਸੀਂ ਉਨਤੀ ਜਾਂ ਕਈਆਂ ਹੋਰਨਾਂ ਕਰਨਾਂ ਦੇ ਨਾਮ ਪੁਰ ਹਿੰਦੁਸਤਾਨ ਵਿਚ ਦੇਸੀ ਪਰਾਈਵੇਟ ਸਰਮਾਏ ਨੂੰ ਲਾਉਣ ਦੇ ਖ਼ਿਲਾਫ਼ ਹਾਂ। ਏਹੋ ਜਿਹਾ ਲੱਗਾ ਹੋਇਆ ਸਰਮਾਇਆ ਨਾ ਸਿਰਫ਼ ਸਾਡੇ ਵਸੀਲਿਆਂ ਨੂੰ ਨਿਚੋੜਦਾ ਤੇ ਸਾਡੀ ਦੌਲਤ ਦੇਸੋਂ ਬਾਹਰ ਧੂਹ ਲੈ ਜਾਂਦਾ ਹੈ, ਸਗੋਂ ਸਾਮਰਾਜੀਆਂ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਸਾਡੀ ਆਰਥਕਤਾ ਉਤੇ ਆਪਣਾ ਪੰਜਾ ਕਾਇਮ ਰੱਖਣ, ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਹਿੰਦੁਸਤਾਨ ਵਿਚ ਕੁਲ ਬਦੇਸ਼ੀ ਸਰਮਾਇਆ ਲਾਉਣਾ ਬੰਦ ਕਰ ਦਿੱਤਾ ਜਾਏ।

ਪਰ ਜੇ ਬਦੇਸ਼ੀ ਸਰਮਾਏ ਜਾਂ ਸਹੈਤਾ ਦੀ ਲੋੜ ਭੀ ਹੈ ਤਾਂ ਉਹ ਸਰਕਾਰੀ ਪਧਰ ਪੁਰ ਹੀ ਕਰਜ਼ਿਆਂ ਤੇ ਕਾਰਾਗਰੀ ਸਖੈਣ ਦੇ ਰੂਪ ਵਿਚ ਹੋਵੇ, ਪਰਾਈਵੇਟ ਭਾਗ ਨੂੰ ਵੀ ਬਦੇਸ਼ੀ ਕਰਜ਼ੇ ਲੈਣ ਦੀ ਖੁਲ ਹੋਵੇ, ਪਰ ਪਰਾਈਵੇਟ ਭਾਗ ਨੂੰ ਉਹਨਾਂ ਹੀ ਕਾਰਖਾਨਿਆਂ ਤੇ ਕਾਰੋਬਾਰਾਂ ਵਿਚ ਰੁਪਿਆ ਲੌਣ ਲਈ ਕਰਜ਼ੇ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ, ਜਿਥੇ ਸਰਕਾਰ ਆਰਥਕ ਵਾਧੇ ਨੂੰ ਮੁਖ ਰਖ ਕੇ ਖੁਦ ਆਗਿਆ ਦੇਵੇ।

ਸਾਡੀ ਆਰਥਕਤਾ ਦੀ ਮੁੜ ਉਸਾਰੀ ਤੇ ਕਿਸੇ ਅਸਲੀ ਪਲੈਨ ਦੀ ਕਾਮਯਾਬੀ ਮੰਗ ਕਰਦੀ ਹੈ, ਕਿ ਲੋਕਾਂ ਦੀਆਂ ਪੈਦਾਵਾਰੀ ਸ਼ਕਤੀਆਂ ਨੂੰ ਖੁਲੀ ਤਰ੍ਹਾਂ ਵਰਤਿਆ ਜਾਏ ਤੇ ਕਿਸਾਨ ਜਨਤਾ ਨੂੰ ਸੱਚੀ ਕੌਮੀ ਉਸਾਰੀ ਦੇ ਕੰਮਾਂ ਵਾਸਤੇ ਉਤਸ਼ਾਹ ਦਿਤਾ ਜਾਏ ਤੇ ਜਥੇਬੰਦ ਕੀਤਾ ਜਾਏ ਇਹ ਤਦ ਹੀ ਹੋ ਸਕਦਾ ਹੈ ਜੋ ਸਾਡੀਆਂ ਉਪਰ ਦਸੀਆਂ ਤਜਵੀਜ਼ਾਂ ਪੁਰ ਅਮਲ ਕਰਕੇ ਦੇਸ਼ ਨੂੰ ਮੁੜ ਬਨੌਣ ਲਈ ਲੋਕਾਂ ਦਾ ਜੋਸ਼ ਉਭਾਰਿਆ ਤੇ ਉਹਨਾਂ ਨੂੰ ਕੰਮ ਵਿਚ ਲਾਇਆ ਜਾਏ, ਸਾਡੀ ਕੌਮ ਦੀ ਕਾਇਆ-ਕਲਪ ਕਰਨ ਵਾਸਤੇ ਕੋਈ ਪਲੈਨ ਕਾਮਯਾਬ ਨਹੀਂ ਸਕੇਗਾ, ਜੇ ਉਹ ਸਾਡੀ ਜਨਤਾ ਦੀਆਂ ਪੈਦਾਵਾਰੀ ਸ਼ਕਤੀਆਂ ਨੂੰ ਨਹੀਂ ਤੋਰਦਾ ਤੇ ਉਹਨਾਂ ਵਿਚ ਮਿਹਨਤ ਕਰਨ ਦਾ ਜੋਸ਼ ਪੈਦਾ ਨਹੀਂ ਕਰਦਾ।

ਇਸ ਬਾਰੇ ਇਸ ਗਲ ਉਤੇ ਵੀ ਜ਼ੋਰ ਦੇਣਾ ਜ਼ਰੂਰੀ ਹੈ ਕਿ ਹਰੀਜਨਾਂ, ਸ਼ਿਡੂਲ ਕਾਸਟਾਂ, ਆਦੀ ਵਾਸੀਆਂ ਤੇ ਸਾਡੀ ਸੋਸਾਇਟੀ ਦੇ ਹੋਰ ਪਛੜੇ ਅਨਸ਼ਾਂ ਦੇ ਕਲਚਰਲ (ਸਭਯਾਚਾਰਕ) ਵਾਧੇ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਉਹਨਾਂ ਦੀ ਆਮ ਭਲਾਈ ਤੇ ਖਾਸ ਕਰ ਵਿਦਯਾ ਤੇ ਅਲਾਜ ਦੀਆਂ ਸਹੂਲਤਾਂ, ਘਰਾਂ ਲਈ ਯੋਗ ਥਾਵਾਂ, ਸ਼ੁਧ ਪਾਣੀ, ਦਸਤਕਾਰੀ

ਨੂੰ ਵਧੌਣ ਲਈ ਮਾਲੀ ਸਹੈਤਾ ਤੇ ਆਰਥਕ ਨਵੇਂ ਵਸੇਬੇ ਲਈ ਕਰਜ਼ੇ ਲਈ ਕਾਫੀ ਮਾਲੀ ਗੁੰਜਾਇਸ਼ ਕਰਨੀ ਚਾਹਿਦੀ ਹੈ।

ਕੌਮੀ ਮੁੜ ਉਸਾਰੀ ਦੇ ਲਾਭਾਂ ਲਈ ਹਿੰਦੁਸਤਾਨ ਦੀ ਸ਼ਰਨਾਰਥੀ ਵਸੋਂ ਨੂੰ ਪੈਦਾਵਾਰੀ ਸਰਗਰਮੀ ਵਿਚ ਬਹਾਲ ਕਰਨਾ ਭੀ ਬਹੁਤ ਜ਼ਰੂਰੀ ਹੈ. ਇਸ ਕੰਮ ਲਈ ਸ਼ਰਨਾਰਥੀਆਂ ਨੂੰ ਬਹੁਤ ਛੇਤੀ ਵਸੌਣਾ ਤੇ ਲਾਭਵੰਦ ਕੰਮਾਂ ਪੁਰ ਲੌਣਾ ਜ਼ਰੂਰੀ ਹੈ।

ਸਿਵਲ ਆਜ਼ਾਦੀਆਂ ਤੇ ਜਮਹੂਰੀ ਹਕ

ਲੋਕਾਂ ਦਾ ਉਦਮ ਤੇ ਪੈਦਾਵਾਰੀ ਸ਼ਕਤੀਆਂ ਕਾਫੀ ਖੁਲੇ ਪੈਮਾਨੇ ਪੁਰ ਉੱਨਾ ਚਿਰ ਨਹੀਂ ਖੁਲ ਸਕਦੀਆਂ ਜਿੰਨਾ ਚਿਰ ਜਮਹੂਰੀਅਤ ਵਲ ਵਡੇ ਵਡੇ ਕਦਮ ਨਹੀਂ ਚੁਕੇ ਜਾਂਦੇ, ਮੌਜੂਦਾ ਦਫਤਰ ਸ਼ਾਹੀ ਰਾਜ ਦੇ ਢਾਂਚੇ ਅੰਦਰ ਅਸਲੀ ਕੌਮੀ ਉਸਾਰੀ ਦਾ ਪਲੈਨ ਅਮਲ ਵਿਚ ਨਹੀਂ ਆ ਸਕਦਾ। ਅਗੇ ਦੇਖਿਆ ਜਾ ਚੁਕਾ ਹੈ, ਕਿ ਕਈਆਂ ਸਕੀਮਾਂ ਦੀਆਂ ਬੱਜ਼ਟਾਂ ਵਿਚ ਪਾਸ ਹੋਈਆਂ ਰਕਮਾਂ ਭੀ ਪੂਰੀਆਂ ਵਰਤੀਆਂ ਨਹੀਂ ਜਾ ਸਕੀਆਂ ਇਹ ਆਮ ਗਲ ਬਣ ਗਈ ਹੈ।

ਸਾਡੇ ਪਰਾਜੈਕਟਾਂ ਅੰਦਰ ਦਫਤਰਸ਼ਾਹੀ ਭਰਿਸ਼ਟਾਚਾਰ ਤੇ ਫਜ਼ੂਲ ਖਰਚੀ ਆਮ ਪਰਸਿੱਧ ਹੈ, ਇਸ ਦਫ਼ਤਰਸ਼ਾਹੀ ਢਾਂਚੇ ਦੇ ਕਾਰਨ ਸਰਕਾਰੀ ਕਾਰੋਬਾਰ ਨਫਾ ਨਹੀਂ ਦੇ ਰਹੇ ਅਜਾਰੇਦਾਰ ਇਹਨਾਂ ਦਾ ਮਖੌਲ ਉਡਾ ਰਹੇ ਹਨ। ਦਫ਼ਤਰਸ਼ਾਹੀ ਨਾਕਾਰੇਪਨ ਤੇ ਗੋਲ ਮਾਲ ਨੇ ਅਜਾਰੇਦਾਰਾਂ ਨੂੰ ਮੌਕਾ ਦਿਤਾ ਹੈ ਕਿ ਉਹ ਉਗ ਰਹੇ ਸਰਕਾਰੀ ਭਾਗ ਨੂੰ ਸੈਬੋਟੇਜ (ਭਨ ਤੋੜ) ਕਰਨਾ ਚਾਹੁੰਦੇ ਹਨ।

ਇਸੇ ਤਰ੍ਹਾਂ ਜ਼ਮੀਨੀ ਸੁਧਾਰ ਨੂੰ ਸਿਰਫ ਸਰਕਾਰੀ ਅਫਸਰਾਂ ਉਪਰ ਛਡ ਦੇਣ ਦਾ ਮਤਲਬ ਇਹ ਹੋਵੇਗਾ, ਕਿ ਜਾਗੀਰਦਾਰ ਬਹੁਤ ਹਦ ਤਕ ਭਨ ਤੋੜ ਕਰਨਗੇ।

ਤਮਾਮ ਜ਼ੁਲਮੀ ਕਾਰਵਾਈਆਂ ਬੰਦ ਕਰੋ !

ਜਦੋਂ ਲੋਕਾਂ ਦੀਆਂ ਸਿਵਲ ਆਜ਼ਾਦੀਆਂ ਤੇ ਜਮਹੂਰੀ ਹਕਾਂ ਪੁਰ ਹਮਲੇ ਵਧ ਰਹੇ ਹੋਣ ਉਹਨਾਂ ਵਿਚ ਉਦਮ ਪੈਦਾ ਨਹੀਂ ਕੀਤਾ ਜਾ ਸਕਦਾ, ਮਿਹਨਤਕਸ਼ ਲੋਕਾਂ ਨੂੰ ਆਪਣੇ ਜ਼ਰੂਰੀ ਲਾਭਾਂ ਦੀ ਰਾਖੀ ਵਾਸਤੇ ਪੂਰੀ ਸਿਵਲ ਆਜ਼ਾਦੀ ਤੇ ਖੁਲੇ ਹਕ ਪ੍ਰਾਪਤ ਹੋਣੇ ਚਾਹੀਦੇ ਹਨ।

ਇਸ ਲਈ ਕਮਿਊਨਿਸਟ ਪਾਰਟੀ ਮੰਗ ਕਰਦੀ ਹੈ, ਕਿ ਲੋਕਾਂ ਨੂੰ ਦਬਾ ਕੇ ਰਖਣ ਵਾਲੀਆਂ ਸਭ ਕਾਰਵਾਈਆਂ, ਭਾਵੇਂ ਉਹ ਕਾਨੂੰਨੀ ਹੋਣ ਤੇ ਭਾਵੇਂ ਇੰਤਜ਼ਾਮੀ, ਬੰਦ ਕੀਤੀਆਂ ਜਾਣ, ਨੈਸ਼ਨਲ ਸੇਫਗਾਰਡਿੰਗ ਤੇ ਸੀਕਿਯੋਰਟੀ ਰੂਲ ਆਦ ਵਰਗੇ ਰੂਲ ਮਨਸੂਖ ਕੀਤੇ ਜਾਣ ਜੋ ਨੌਕਰਾਂ ਤੇ ਮੁਲਾਜ਼ਮਾਂ ਦੇ ਜਮਹੂਰੀ ਹਕ ਮਾਰਦੇ ਹਨ ਤੇ ਲੋਕ ਜੀਵਨ ਨੂੰ ਭਰਿਸ਼ਟ ਕਰਦੇ ਹਨ। ਅਸੀਂ ਇਹ ਭੀ ਮੁਤਾਲਬਾ ਕਰਦੇ ਹਾਂ, ਕਿ ਮੀਟਿੰਗਾਂ, ਜਲੂਸਾਂ ਤੇ ਹੋਰ ਸਰਗਰਮੀਆਂ ਤੋਂ ਮੌਜੂਦਾ ਪਾਬੰਦੀਆਂ ਚੁਕ ਦਿਤੀਆਂ ਜਾਣ।

ਜਨਤਕ ਜਥੇਬੰਦੀਆਂ ਦੇ ਕਰਤੱਵ ਨੂੰ ਸਿਆਣੋ

ਇਹ ਜ਼ਰੂਰ ਮੰਣਨਾ ਚਾਹੀਦਾ ਹੈ, ਕਿ ਟਰੇਡ ਯੂਨੀਅਨਾਂ, ਕਿਸਾਨ ਸਭਾਵਾਂ ਤੇ ਹੋਰ ਲੋਕਾਂ ਵਿਚ ਮੰਨੀਆਂ ਹੋਈਆਂ ਜਨਤਕ ਜਥੇਬੰਦੀਆਂ ਦਾ ਦੇਸ਼ ਦੇ ਜੀਵਨ ਨੂੰ ਜਮਹੂਰੀ ਬਣਾਉਣ ਵਿਚ ਬੜਾ ਹਥ ਹੈ।

ਮਜ਼ਦੂਰਾਂ ਦੀ ਸਰਗਰਮ ਮਿਲਵਰਤਨ ਤੋਂ ਬਿਨਾਂ ਸਰਕਾਰੀ ਕਾਰਖਾਨਿਆਂ ਨੂੰ ਕਾਰੋਬਾਰੀ ਲੀਹਾਂ ਪੁਰ ਨਹੀਂ ਚਲਾਇਆ ਜਾ ਸਕਦਾ ਤੇ ਉਹਨਾਂ ਵਿਚ ਪਰਚਲਤ ਭਰਸ਼ਟਾਚਾਰ ਤੇ ਟੱਬਰ ਪਰਵਰਵੀ ਦੇ ਖਿਲਾਫ ਨਹੀਂ ਲੜਿਆ ਜਾ ਸਕਦਾ। ਇਹ ਮਿਲਵਰਤਨ ਪਰਾਪਤ ਕਰਨ ਲਈ ਟਰੇਡ ਯੂਨੀਅਨਾਂ ਦੇ ਕਰਤਵ ਨੂੰ

ਸਿਆਣਨਾ ਚਾਹੀਦਾ ਹੈ ਤੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਦਾ ਸਨਅਤੀ ਤੇ ਹੋਰ ਕਾਰੋਬਾਰੀ ਕੰਮਾਂ ਦੇ ਇੰਤਜ਼ਾਮ ਤੋਂ ਪਰਬੰਧਕਾਂ ਨਾਲ ਜੋੜ ਮੇਲ ਲੈਣਾ ਚਾਹੀਦਾ ਹੈ।

ਇਸ ਕੰਮ ਲਈ ਜ਼ਰੂਰੀ ਹੈ ਕਿ ਕਾਰਖਾਨਿਆਂ ਦੇ ਪ੍ਰਬੰਧਕਾਂ ਤੇ ਮਜ਼ਦੂਰਾਂ ਦੇ ਅਸਲੀ ਨੁਮੈਂਦਿਆਂ ਦੀਆਂ ਮਿਲਵੀਆਂ ਕਮੇਟੀਆਂ ਬਣਾਈਆਂ ਜਾਣ। ਜਿਨ੍ਹਾਂ ਵਿਚ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਅਖਤਿਆਰ ਤੇ ਜ਼ਿਮੇਂਵਾਰੀ ਮਿਲੀ ਹੋਵੇ।

ਟਰੇਡ ਯੂਨੀਅਨ ਜਥੇਬੰਦੀਆਂ ਨੂੰ ਸਰਕਾਰੀ ਬੀਮੇ ਤੇ ਹੋਰ ਸਮਾਜੀ ਸਰਵਿਸਾਂ ਦੀ ਮੈਨਿਜਮੈਂਟ ਤੇ ਪਰਬੰਧ ਸੌਂਪ ਦੇਣਾ ਚਾਹੀਦਾ ਹੈ।

ਸਰਕਾਰ ਟਰੇਡ ਯੂਨੀਅਨ ਲਹਿਰ ਅੰਦਰ ਤਿੱਖੀ ਤੋੜ ਫੋੜ ਕਰਨ ਦੀ ਪਾਲਿਸੀ ਛਡ ਦੇਵੇ, ਤੇ ਉਹਨਾਂ ਟਰੇਡ ਯੂਨੀਅਨਾਂ ਨੂੰ ਨਾ ਚੁਕੇ ਤੇ ਨਾ ਉਹਨਾਂ ਦੀ ਸਰਬਰਾਹੀ ਕਰੇ, ਜਿਨ੍ਹਾਂ ਦੇ ਲੀਡਰ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ।

ਤਮਾਮ ਟਰੇਡ ਯੂਨੀਅਨਾ ਨੂੰ ਉਹਨਾਂ ਦੇ ਹੱਕ ਦੇ ਤੌਰ ਪਰ ਮਨ ਲੈਣਾ ਚਾਹੀਦਾ ਹੈ ਜੋ ਮਜਦੂਰਾਂ ਨੇ ਰਲਕੇ ਨੌਕਰੀ ਦਾ ਸੌਦਾ ਕਰਨ ਵਾਸਤੇ ਬਣਾਈਆਂ ਹੋਣ। ਇਹਨਾਂ ਨਾਲ ਮਜਦੂਰਾ ਨੂੰ ਆਪਣੇ ਤਜਰਬੇ ਨਾਲ ਇਹ ਗਿਆਨ ਹੋ ਜਾਏਗਾ ਕਿ ਇਕੋ ਹੀ ਟਰੇਡ ਯੂਨੀਅਨ ਜ਼ਮਹੂਰੀ ਲੀਹਾਂ ਉਪਰ ਚਲਾਉਣੀ ਚਾਹੀਦੀ ਹੈ।

ਸਨਅਤ ਅੰਦਰ ਮਜਦੂਰਾਂ ਤੇ ਪਰਬੰਧਕਾਂ ਵਿਚਕਾਰ ਮੇਲ ਜੋਲ ਦੇ ਘੇਰੇ ਅੰਦਰ ਮਜਦੂਰਾਂ ਦੀਆਂ ਕੁਲ ਟਰੇਡ ਯੂਨੀਅਨਾਂ ਨੂੰ ਮਨਣਾ ਤੇ ਉਹਨਾਂ ਦੇ ਰਲਕੇ ਇਕ ਥਾਂ ਸੌਦਾ ਕਰਨ ਦੇ ਹਕ ਨੂੰ ਪਰਵਾਨ ਕਰਨਾ ਜਮਹੂਰੀਅਤ ਦੇ ਨਾਜ਼ਕ ਸਵਾਲ ਹਨ।

ਪੇਂਡੂ ਰਕਬਿਆਂ ਵਿਚ, ਜ਼ਮੀਨੀ ਸੁਧਾਰ ਨੂੰ ਸਹੀ ਤਰ੍ਹਾਂ ਅਮਲ ਵਿਚ ਲਿਆਉਣ ਲਈ ਕਿਸਾਨ ਸਭਾਵਾਂ ਤੇ ਮਿਹਨਤੀ

ਕਿਸਾਨਾਂ ਦੇ ਨੁਮਾਇੰਦਿਆਂ ਨੂੰ ਨਾਲ ਲੈਣਾ ਚਾਹੀਦਾ ਹੈ। ਉਨਤੀ ਦੀਆਂ ਮਕਾਮੀ ਸਕੀਮਾਂ, ਛੋਟੇ ਛੋਟੇ ਸਿੰਜਾਈ ਦੇ ਕੰਮਾਂ ਨੂੰ ਬਨਾਉਣ ਤੇ ਇਹਨਾਂ ਪੁਰ ਅਮਲ ਕਰਨ ਲਈ ਕਿਸਾਨਾਂ ਦੀ ਮਿਲਵਰਤਨ ਲੈਣੀ ਚਾਹੀਦੀ ਹੈ।

ਇਹ ਮਿਲ ਵਰਤਨ ਉੱਨਾਂ ਚਿਰ ਨਹੀਂ ਮਿਲ ਸਕਦੀ, ਜਦ ਤਕ ਸਰਕਾਰ ਮਜ਼ਦੂਰਾਂ ਨੂੰ ਭਰਤੀ ਕਰਨ ਤੇ ਉਹਨਾਂ ਤੋਂ ਠੇਕੇਦਾਰਾਂ ਦੇ ਰਾਹੀਂ ਕੰਮ ਲੈਣ ਦੇ ਬਦਨਾਮ ਸਿਸਟਮ ਨੂੰ ਨਹੀਂ ਛੱਡਦੀ। ਜਿਸ ਤਰ੍ਹਾਂ ਕਿ ਆਮ ਪਰਸਿਧ ਹੈ, ਕਿ ਇਸ ਸਿਸਟਮ ਨਾਲ ਵਡੀਆਂ ਰਕਮਾਂ ਠੇਕੇਦਾਰਾਂ ਦੇ ਢਿਡਾਂ ਵਿਚ ਜਾ ਪੈਂਦੀਆਂ ਹਨ ਤੇ ਮਜ਼ਦੂਰਾਂ ਨੂੰ ਉਜਰਤਾਂ ਘੱਟ ਮਿਲਦੀਆਂ ਹਨ।

ਸਰਕਾਰ ਮਜ਼ਦੂਰਾਂ ਨਾਲ ਆਪ ਨਜਿਠਿਆ ਕਰੇ ਤੇ ਇਸ ਕੰਮ ਲਈ ਉਹਨਾਂ ਦੀਆਂ ਟੀਮਾਂ ਬਣਾਵੇ, ਇਸ ਤਰ੍ਹਾਂ ਛੋਟੀਆਂ ਸਕੀਮਾਂ ਦਾ ਕੰਮ ਪੇਂਡੂਆਂ ਉਪਰ ਛਡ ਦਿੱਤਾ ਜਾਏ।

ਜਮਹੂਰੀ ਪੰਚਾਇਤਾਂ ਤੇ ਲੋਕਲ ਬਾਡੀਆਂ

ਇਹ ਸਭ ਕੁਝ ਕਰਨ ਲਈ ਜ਼ਰੂਰੀ ਹੈ, ਕਿ ਪੰਚਾਇਤਾਂ ਤੇ ਲੋਕਲ ਬਾਡੀਆਂ ਵਰਗੀਆਂ ਮਕਾਮੀ ਤੌਰ ਪੁਰ ਚੁਣੇ ਜਾਣ ਵਾਲੀਆਂ ਸੰਸਥਾਵਾਂ ਨੂੰ ਮਕਾਮੀ ਮਾਮਲਿਆਂ ਬਾਰੇ ਵਡੇ ਅਖਤਿਆਰ ਦਿਤੇ ਜਾਣ ਤੇ ਆਪਣੀਆਂ ਜ਼ੁਮੇਵਾਰੀਆਂ ਨਿਭਾਉਣ ਲਈ ਉਹਨਾਂ ਨੂੰ ਕਾਫੀ ਰੁਪਿਆ ਦਿਤਾ ਜਾਏ। ਪੰਚਾਇਤਾਂ ਤੋਂ ਗੌਰਮਿੰਟ ਕਦੇ ਭੀ ਟੈਕਸ ਨ ਲਗਵਾਏ। ਟੈਕਸ ਲਾਉਣ ਦਾ ਫੈਸਲਾ ਕਰਨਾ ਪੰਚਾਇਤਾਂ ਉਤੇ ਹੀ ਛਡ ਦਿਤਾ ਜਾਏ। ਸਭ ਤੋਂ ਜ਼ਰੂਰੀ ਗਲ ਇਹ ਹੈ ਕਿ ਪੰਚਾਇਤਾਂ ਨੂੰ ਜਮਹੂਰੀ ਬਣਾਇਆ ਜਾਏ।

ਹਿੰਦੁਸਤਾਨੀ ਲਿਆਕਤ ਨੂੰ ਪੈਦਾ ਕਰੋ ਤੇ ਵਧਾਓ

ਮਜ਼ਦੂਰਾਂ ਤੇ ਕਿਸਾਨਾਂ ਨੂੰ ਹੀ ਤੋਰ ਲੈਣਾ ਕਾਫੀ ਨਹੀਂ ਹੈ,

ਸਿਰਗੋਂ ਸਾਡੇ ਸਾਇੰਸ ਦਾਨਾਂ, ਇੰਨਜ਼ੀਨੀਅਰਾਂ ਤੇ ਕਾਰੀਗਰਾਂ ਵਿਚ ਉੱਦਮ ਪੈਦਾ ਕਰਨਾ ਤੇ ਉਹਨਾਂ ਦੀ ਪੈਦਾਵਾਰੀ ਕੋਸ਼ਿਸ਼ਾ ਨੂੰ ਉਭਾਰਨਾ ਜ਼ਰੂਰੀ ਹੈ। ਉਹਨਾਂ ਵਿਚੋਂ ਅਜ ਬਹੁਤ ਸਾਰੇ ਗੌਰਮਿੰਟ ਦੀ ਇਸ ਪਾਲਿਸੀ ਦੇ ਮਾਰੇ ਨਕੱਮੇ ਪਏ ਹਨ ਜੋ ਉਸ ਨੇ ਆਪਣੇ ਹਿੰਦੁਸਤਾਨੀਆਂ ਨੂੰ ਹੌਸਲਾ ਨਾ ਦੇਣ ਤੇ ਹਰ ਕੰਮ ਵਿਚ ਬਾਹਰੋਂ ਐਕਸਪਰਟ ਮੰਗਾਉਣ ਵਿਚ ਧਾਰ ਰਖੀ ਹੈ।

ਇਹ ਪਾਲਿਸੀ ਦੇਸ਼ ਨੂੰ ਮਹਿੰਗੀ ਪੈ ਰਹੀ ਹੈ। ਇਹਨਾਂ ਆਖੇ ਜਾ ਰਹੇ "ਐਕਸਪਰਟਾਂ" ਵਿਚੋਂ ਬਹੁਤ ਸਾਰੇ ਨਾ ਅਹਿਲ ਤੇ ਬੇ ਲੋੜੇ ਸਾਬਤ ਹੋਏ ਹਨ। ਸਾਡੇ ਰੁਪਏ ਨੂੰ ਭਿਆਨਕ ਤੌਰ ਪੁਰ ਧੂਹ ਲੈ ਜਾਣ ਤੋਂ ਇਲਾਵਾ ਉਹਨਾ ਦੇਸ਼ ਦੀ ਇਕੋ ਸੇਵਾ ਕੀਤੀ ਹੈ ਕਿ ਸਾਡੇ ਦੇਸ਼ ਭਗਤ ਇਨਜ਼ੀਨੀਅਰਾਂ, ਸਾਇੰਸਦਾਨਾਂ ਤੇ ਕਾਰੀਗਰਾਂ ਦੀ ਲਿਆਕਤ ਨੂੰ ਦਬਾ ਛਡਿਆ ਹੈ।

ਕਮਿਊਨਿਸਟ ਪਾਰਟੀ ਇਹ ਸਭ ਕੁਝ ਬੰਦ ਕਰ ਦੇਣ ਦੀ ਮੰਗ ਕਰਦੀ ਹੈ, ਸਾਡੀ ਪਾਰਟੀ ਮੰਗ ਕਰਦੀ ਹੈ, ਕਿ ਉਦੋਂ ਹੀ ਬਦੇਸ਼ੀ ਐਕਸਪਰਟ ਲਿਆਂਦੇ ਜਾਣ, ਜਦੋਂ ਇਹਨਾਂ ਤੋਂ ਬਗੈਰ ਕੰਮ ਨਾ ਤੁਰਦਾ ਹੋਵੇ, ਪਾਰਟੀ ਇਹ ਮੰਗ ਕਰਦੀ ਹੈ, ਕਿ ਸਾਡੇ ਆਪਣੇ ਸਾਇੰਸਦਾਨਾਂ, ਇਨਜ਼ੀਨੀਅਰਾਂ ਤੇ ਕਾਰੀਗਰਾਂ ਦੇ ਹੌਂਸਲੇ ਵਧਾਏ ਜਾਣ ਤੇ ਉਹਨਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਏ, ਉਹਨਾਂ ਨੂੰ ਜ਼ੁਮੇਵਾਰੀ ਦੀ ਪੋਜ਼ੀਸ਼ਨ ਪੁਰ ਰਖਿਆ ਜਾਏ, ਉਹਨਾਂ ਵਿਚ ਇੰਜੀਨੀਅਰਿੰਗ, ਸਾਇੰਸ ਤੇ ਕਾਰੀਗਰੀ ਦੇ ਮਸਲਿਆਂ ਪੁਰ ਸਪੈਸ਼ਲ ਰਸਾਲਿਆਂ ਤੇ ਉਹਨਾਂ ਦੀਆਂ ਆਪਣੀਆਂ ਜਥੇਬੰਦੀਆਂ ਵਿਚ ਖੁਲੇ ਪੈਮਾਨੇ ਉਪਰ ਬਹਿਸ ਕਰਨ ਦਾ ਰਵਾਜ ਪਾਇਆ ਤੇ ਵਧਾਇਆ ਜਾਏ, ਇਸ ਤਰ੍ਹਾਂ ਸਭ ਲਿਆਕਤ ਦੇਸ ਦੀ ਸੇਵਾ ਵਿਚ ਇਕੱਤਰ ਹੋ ਜਾਏਗੀ ਤੇ ਨਾਲੇ ਸਾਇੰਸਦਾਨ ਤੇ ਕਾਕੀਗਰਾਂ ਦੀ ਮੁਹਾਰਤ ਤੇ ਲਿਆਕਤ ਦੀ